# ਟੁੰਡਾ ਹੌਲਦਾਰ

(ਨਾਟਕ ਸ਼ੁਰੂ ਹੋਣ ’ਤੇ ਹੌਲਦਾਰ ਇਕ ਵਿੰਗ ਤੋਂ ਨਿਕਲਦਾ ਹੈ। ਸਟੇਜ ਦੇ ਖੱਬੇ ਪਾਸੇ ਇਸ ਤਰ੍ਹਾਂ ਖਲੋਂਦਾ ਹੈ ਕਿ ਉਹ ਦਰਸ਼ਕਾਂ ਨੂੰ ਵੀ ਸੰਬੋਧਨ ਹੋ ਸਕੇ ਤੇ ਪਿਛਲੇ ਪਾਸੇ ਨੂੰ ਵੀ ਸੰਬੋਧਨ ਹੋ ਸਕੇ।

ਹੌਲਦਾਰ : ਸੁਣ ਲਵੋ, ਮੈਂ ਤੁਹਾਨੂੰ ਖ਼ਬਰਦਾਰ ਕਰ ਰਿਹਾ ਹਾਂ। ਜੇ ਤੁਸੀਂ ਇਸ ਤਰ੍ਹਾਂ ਘਰਾਂ ਵਿਚ ਵੜੇ ਰਹੇ ਤਾਂ ਉਹ ਦਿਨ ਦੂਰ ਨਹੀਂ ਕਿ ਤੁਸੀਂ, ਤੁਸੀਂ ਨਹੀਂ ਰਵੋਗੇ। ਤੁਸੀਂ ਸਵੇਰੇ ਉਠੋਗੇ ਤਾਂ ਦੇਖੋਗੇ ਕਿ ਰਾਤੀਂ ਤੁਹਾਡੇ ਦੋ ਹੱਥ ਸਨ ਤੇ ਹੁਣ ਇਕ ਹੱਥ ਰਹਿ ਗਿਆ ਏ। ਤੁਸੀਂ ਟੁੰਡੇ ਹੋ ਜਾਓਗੇ, ਤੁਸੀਂ ਲੰਗੜੇ ਹੋ ਜਾਓਗੇ। ਤੁਹਾਡਾ ਦਿਮਾਗ ਸੁੰਨ ਹੋ ਜਾਏਗਾ। ਤੁਹਾਨੂੰ ਅੱਖਾਂ ਤੋਂ ਦਿਸਣਾ ਬੰਦ ਹੋ ਜਾਏਗਾ। ਅਗਲੇ ਜਿਹੜੇ ਕੁਰਸੀਆਂ ’ਤੇ ਬੈਠੇ ਨੇ, ਵੱਡੀਆਂ ਹਵੇਲੀਆਂ ਵਿਚ ਰਹਿੰਦੇ ਨੇ, ਉਹਨਾਂ ਨੇ ਤੁਹਾਡਾ ਲਿਹਾਜ਼ ਨਹੀਂ ਜੇ ਕਰਨਾ। ਉਤੋਂ ਉਤੋਂ ਉਹ ਜ਼ਾਹਿਰ ਕਰਨਗੇ ਜਿਸ ਤਰ੍ਹਾਂ ਉਹ ਤੁਹਾਡੇ ਖੈਰਖਾਹ ਨੇ, ਪਰ ਉਹ ਤੁਹਾਡੇ ਖੈਰਖਾਹ ਨਹੀਂ।

ਤੁਹਾਨੂੰ ਸੋਚਣਾ ਪੈਣਾ ਏ ਕਿ ਤੁਹਾਡੇ ਕੋਲ ਕੀ ਏ ਤੇ ਉਹਨਾਂ ਕੋਲ ਕੀ ਏ ? ਉਹਨਾਂ ਕੋਲ ਪੁਲਿਸ ਏ, ਫ਼ੌਜ ਏ, ਜਬਰ ਦੇ ਸਾਰੇ ਸਾਧਨ ਨੇ ਤੁਹਾਡੇ ਕੋਲ ਹੱਥਾਂ ਦੇ ਸਿਵਾ ਕੀ ਏ ? ਉਹ ਚਾਹੁੰਦੇ ਨੇ ਇਹ ਹੱਥ ਉਹਨਾਂ ਦੀ ਸੇਵਾ ਕਰਦੇ ਰਹਿਣ। ਉਹ ਚਾਹੁੰਦੇ ਨੇ ਕਿ ਇਹ ਹੱਥ ਜੇਕਰ ਬੰਦੂਕ ਚੁੱਕਣ ਤੇ ਉਹਨਾਂ ਦੇ ਹੁਕਮ ਨਾਲ ਚਲਾਉਣ। ਇਹ ਹੱਥ ਮਸ਼ੀਨ ’ਤੇ ਉਸ ਵੇਲੇ ਹੀ ਕੰਮ ਕਰਨ, ਜਿਸ ਵੇਲੇ ਤੱਕ ਪੈਦਾਵਾਰ ਉਹਨਾਂ ਦੇ ਮੁਨਾਫ਼ੇ ਲਈ ਹੁੰਦੀ ਹੈ। ਜਦੋਂ ਉਹ ਇਹ ਦੇਖਣ ਕਿ ਹੁਣ ਹੱਥਾਂ ਦੀ ਨਹੀਂ, ਸਵੈਚਾਲਕ ਜੰਤਰਾਂ ਦੀ ਲੋੜ ਏ ਤਾਂ ਉਹ ਤੁਹਾਡੇ ਹੱਥਾਂ ਨੂੰ ਬੇਕਾਰ ਕਰ ਦੇਂਦੇ ਨੇ। ਫੇਰ ਤੁਸੀਂ ਆਪਣੇ ਹੱਥਾਂ ਵੱਲ ਵੇਖਦੇ ਹੋ ਤੇ ਸੋਚਦੇ ਹੋ ਕਿ ਇਹ ਕੀ ਨਹੀਂ ਕਰ ਸਕਦੇ ? ਦੁਨੀਆਂ ਵਿਚ ਜੋ ਕੁਝ ਸੋਹਣਾ ਹੈ, ਉਹ ਵੀ ਇਹਨਾਂ ਹੱਥਾਂ ਨੇ ਹੀ ਬਣਾਇਆ ਹੋਇਆ ਏ ਤੇ ਹੁਣ ਇਹ ਹੱਥ ਕੁਝ ਕਰਨ ਜੋਗੇ ਨਹੀਂ... ਤੇ ਕੀ ਇਸ ਤੋਂ ਪਹਿਲਾਂ ਕਿ ਇਹ ਸਭ ਕੁਝ ਤੁਹਾਡੇ ਨਾਲ ਵਾਪਰ ਜਾਏ ਤੇ ਤੁਸੀਂ ਟੁੰਡੇ ਹੋ ਜਾਓ, ਤੁਹਾਨੂੰ ਕੁਝ ਕਰਨਾ ਪਵੇਗਾ।

*(ਇਹ ਆਖਦਾ ਹੋਇਆ ਸਟੇਜ ਤੋਂ ਇਕ ਪਾਸੇ ਬਾਹਰ ਨਿਕਲ ਜਾਂਦਾ ਹੈ। ਪਿਛੋਂ ਆਵਾਜ਼ ਆਉਂਦੀ ਹੈ। ਤੇ ਪੇਸ਼ ਏ ਨਾਟਕ ਟੁੰਡਾ ਹੌਲਦਾਰ)*

## (ਸੀਨ ਪਹਿਲਾ)

*(ਤਿੰਨ ਪਾਤਰ ਆਉਂਦੇ ਹਨ ਤੇ ਉਹਨਾਂ ਵਿਚੋਂ ਇਕ ਟੁੰਡਾ ਹੌਲਦਾਰ ਹੈ।)*

ਇਕ : ਹੌਲਦਾਰਾ ਅਸੀਂ ਇਹ ਗੱਲ ਮੰਨਣ ਲਈ ਤਿਆਰ ਨਹੀਂ, ਕਿ ਲੋਕਾਂ ਦੀ ਆਪਸੀ ਕੋਈ ਦੁਸ਼ਮਣੀ ਨਹੀਂ ਹੁੰਦੀ, ਇਹ ਸਰਕਾਰਾਂ ਹੀ ਨੇ ਜਿਹੜੀਆਂ ਇਕ ਮੁਲਕ ਦੇ ਲੋਕਾਂ ਨੂੰ ਦੂਜੇ ਮੁਲਕ ਦੇ ਲੋਕਾਂ ਨਾਲ ਲੜਾਉਂਦੀਆਂ ਨੇ।

ਹੌਲਦਾਰ : ਇਸ ਵਿਚ ਨਾ ਮੰਨਣ ਵਾਲੀ ਕਿਹੜੀ ਗੱਲ ਏ, ਅਸੀਂ ਪਾਕਿਸਤਾਨ ਨਾਲ ਦੋ ਜੰਗਾਂ ਲੜੀਆਂ 65 ਦੀ, 72 ਦੀ, ਭਲਾ ਇਹ ਦੱਸ ਕਿ ਸਾਡੀ ਪਾਕਿਸਤਾਨ ਦੇ ਲੋਕਾਂ ਨਾਲ ਕੀ ਦੁਸ਼ਮਣੀ ਸੀ ?

ਦੋ : ਇਹ ਗੱਲ ਫੌਜੀਆਂ, ਤੈਨੂੰ ਉਸ ਵੇਲੇ ਯਾਦ ਆਉਣੀ ਚਾਹੀਦੀ ਸੀ ਜਦੋਂ ਟੈਂਕ ਵਿਚ ਬੈਠਾ ਸਟੇਨਗੰਨ ਚੁੱਕੀ ਇੱਛੋਗਿੱਲ ਨਹਿਰ ਤੱਕ ਵੱਧਦਾ ਗਿਆ ਸੀ ਕਿ "ਹਮ ਨੇ ਲਾਹੌਰ ਫਤਿਹ ਕਰਨਾ ਏ।"

ਇਕ : ਇਹ ਗੱਲ ਉਸ ਵੇਲੇ ਯਾਦ ਕਰ ਲੈਂਦਾ ਤਾਂ ਇਹ ਚੰਗੀ ਭਲੀ ਬਾਂਹ ਟੁੰਡੀ ਨਾ ਹੁੰਦੀ।

ਹੌਲਦਾਰ : ਇਹ ਠੀਕ ਕਿਹਾ ਹੈ, ਮੇਰੇ ਯਾਰਾ, ਇਸ ਟੁੰਡੀ ਬਾਂਹ ਨੇ ਹੀ ਮੈਨੂੰ ਇਹ ਸੂਝ ਦਿੱਤੀ ਏ ਕਿ ਮੈਂ ਸੱਚ ਪਛਾਣ ਸਕਾਂ। ਅਸੀਂ ਸਧਾਰਨ ਲੋਕ ਮੂਰਖਾਂ ਦਾ ਇਕ ਟੋਲਾ ਹਾਂ। ਜੋ ਦੂਜਿਆਂ ਦੀ ਖਾਤਿਰ ਆਪਣੀਆਂ ਟੰਗਾਂ ਭਨਵਾਉਂਦੇ ਹਾਂ।

ਦੋ : ਸਿਰਫ਼ ਟੰਗਾਂ ਨਹੀਂ ਬਾਹਵਾਂ ਵੀ ਤੁੜਵਾਉਂਦੇ ਹਾਂ।

ਇਕ : ਫ਼ੌਜੀਆ, ਜਦੋਂ ਰੱਮ ਦੀ ਬੋਤਲ ਅੰਦਰ ਜਾਂਦੀ ਸੀ ਉਸ ਵੇਲੇ ਤਾਂ ਦਿਮਾਗ ਵਿਚ ਕੋਈ ਸਵਾਲ ਨਹੀਂ ਉਠਦਾ ਹੋਣਾ ?

ਹੌਲਦਾਰ : ਮੇਰੇ ਯਾਰ, ਅਗਲੇ ਤੁਹਾਨੂੰ ਰੰਮ ਪਿਲਾਉਂਦੇ ਹੀ ਤਾਂ ਨੇ ਕਿ ਤੁਹਾਡਾ ਸੋਚਣ ਵਾਲਾ ਦਿਮਾਗ ਹੀ ਸੁੰਨ ਹੋ ਜਾਏ। ਫੇਰ ਉਹ ਆਰਡਰ ਦੇਣ, ਘੂਮ ਜਾ ਤੇ ਤੁਸੀਂ ਘੁੰਮ ਜਾਂਦੇ ਹੋ, ਬਾਏਂ ਘੁੰਮੋ, ਦਾਏਂ ਘੁੰਮੋ, ਸਾਵਧਾਨ (ਘੁੰਮਦੇ ਹੋਏ) ਤੁਸੀਂ ਕਲਪੁਰਜ਼ੇ ਵਾਂਗ ਲੈਫਟ ਰਾਈਟ ਘੁੰਮ ਜਾਂਦੇ ਹੋ। ਫੇਰ ਹੁਕਮ ਦੇ ਥੱਲੇ ਹੀ ਤੁਸੀਂ ਵਰ੍ਹਦੀਆਂ ਗੋਲੀਆਂ ਵਿਚ ਅੱਗੇ ਵੱਧਦੇ ਹੋ, ਇਕ ਗੋਲੀ ਤੁਹਾਡੀ ਬਾਂਹ ਚੀਰਦੀ ਹੋਈ ਲੰਘ ਜਾਂਦੀ

ਹੈ–ਤੁਹਾਡੀਆਂ ਅੱਖਾਂ ਅੱਗੇ ਹਨੇਰਾ ਆ ਜਾਂਦਾ ਹੈ। ਅੱਖ ਖੁੱਲ੍ਹਦੀ ਹੈ, ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਹਸਪਤਾਲ ਵਿਚ ਇਕ, ਮੰਜੇ 'ਤੇ ਪਏ ਹੋ, ਤੁਹਾਡਾ ਕੁਝ ਗੁਆਚ ਗਿਆ ਏ, ਜਿਸ ਹੱਥ ਨਾਲ ਤੁਸੀਂ ਕੁਝ ਗੁਆਚਿਆ ਲੱਭਣਾ ਚਾਹੁੰਦੇ ਹੋ, ਉਹ ਹੱਥ ਹੁੰਦਾ ਹੀ ਨਹੀਂ। ਤੁਹਾਡਾ ਉੱਚੀ ਉੱਚੀ ਰੋਣ ਨੂੰ ਦਿਲ ਕਰਦਾ ਹੈ। ਪਰ ਤੁਸੀਂ ਰੋਂਦੇ ਨਹੀਂ, ਉੱਚੀ ਉੱਚੀ ਹੱਸਦੇ ਹੋ... ਜਿ ਤਰ੍ਹਾਂ ਤੁਸੀਂ ਪਾਗ਼ਲ ਹੋ ਗਏ ਹੋਵੋ... ਪਰ ਤੁਸੀਂ ਪਾਗ਼ਲ ਨਹੀਂ ਹੁੰਦੇ, ਤੁਹਾਨੂੰ ਜ਼ਿੰਦਗੀ ਦੀ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ। ਜਿਥੇ ਵੀ ਤੁਸੀਂ ਧੋਖਾ ਖਾਣ ਲੱਗਦੇ ਹੋ, ਤੁਹਾਡੀ ਬਾਂਹ ਦਾ ਇਕ ਟੁੰਡ ਤੁਹਾਡੇ ਸਾਹਮਣੇ ਆ ਜਾਂਦਾ ਹੈ। ਫਿਰ ਤੁਸੀਂ ਮਖੌਟੇ ਪਾਈ ਦੁਸ਼ਮਣ ਨੂੰ ਪਛਾਣ ਲੈਂਦੇ ਹੋ ਹੋ। ਤੇ ਮੇਰੇ ਯਾਰੋ ਇਹ ਦੁਸ਼ਮਣ ਦੀ ਪਹਿਚਾਣ ਹੀ ਹੈ ਜੋ ਆਉਣ ਵਾਲੀ ਜ਼ਿੰਦਗੀ ਲਈ ਉਮੀਦ ਹੈ।

*(ਇਕ ਖਾਸ ਮੁਦਰਾ ਵਿਚ ਖਲੋਂਦਾ ਹੈ ਤੇ ਸੀਨ ਖਤਮ ਹੁੰਦਾ ਹੈ।)*

## (ਸੀਨ ਦੂਜਾ)

*(ਦਿੱਤੂ ਮੋਚੀ ਦੀ ਦੁਕਾਨ। ਦਿੱਤੂ ਮੋਚੀ ਕੰਮ ਕਰ ਰਿਹਾ ਹੈ। ਉਹਦੀ ਵਹੁਟੀ ਭਾਨੀ ਆਉਂਦੀ ਹੈ।)*

ਦਿੱਤੂ : ਹਾਂ ਕੀ ਆਖਦੀ ਏਂ, ਮੰਜਾ ਨਵਾਂ ਲੈ ਆਵਾਂ ?

ਭਾਨੀ : ਹੋਰ ਕੀ ? ਜਦ ਪਾਵਾ ਹੀ ਟੁੱਟ ਗਿਆ ਏ ਤਾਂ ਫਿਰ ਥੱਲੇ ਇੱਟਾਂ ਰੱਖ ਕੇ ਕਿੰਨੀ ਦੇਰ ਚੱਲੇਗਾ ?

ਦਿੱਤੂ : ਫਿਕਰ ਨਾ ਕਰ, ਇਹ ਬੜੀ ਦੇਰ ਚੱਲੇਗਾ। ਤਿੰਨ ਪਾਵੇ ਹਾਲੇ ਸਬੂਤੇ ਨੇ।

ਭਾਨੀ : ਪਰ ਇੱਟਾਂ ਰੱਖੀਆਂ ਹੋਈਆਂ ਚੰਗੀਆਂ ਲਗਦੀਆਂ ਨੇ।

ਦਿੱਤੂ : ਗਰੀਬ ਆਦਮੀ ਨੇ ਇਹ ਨਹੀਂ ਸੋਚਣਾ ਹੁੰਦਾ ਕਿ ਚੰਗਾ ਕੀ ਤੇ ਕੀ ਮੰਦਾ ਏ, ਬਸ ਗੁਜ਼ਾਰਾ ਕਰਨਾ ਹੁੰਦਾ ਏ, ਇੱਟਾਂ ਰੱਖ ਕੇ ਇਹ ਗੁਜ਼ਾਰਾ ਚਲਦਾ ਪਿਆ ਏ।

ਭਾਨੀ : ਮੁੰਡਾ ਆ ਕੇ ਦੇਖੇਗਾ ਤੇ ਕੀ ਕਹੇਗਾ।

ਦਿੱਤੂ : ਇਹੀ ਕਹੇਗਾ, ਬਾਪੂ ਗੁਜ਼ਾਰਾ ਪਿਆ ਕਰਦਾ ਏ। ਪੁੱਤਰ ਭਾਵੇਂ ਸਾਡਾ ਹੁਣ ਵੱਡਾ ਹੋ ਗਿਆ ਏ, ਪਰ ਸਾਨੂੰ ਆਪਣੀ ਔਕਾਤ ਵਿਚ ਹੀ ਰਹਿਣਾ ਚਾਹੀਦਾ ਏ।

ਭਾਨੀ : ਤੇਰੀਆਂ ਇਹਨਾਂ ਗੱਲਾਂ ਕਰਕੇ ਹੀ ਮੁੰਡਾ ਪਿੰਡ ਨਹੀਂ ਆਉਂਦਾ।

ਦਿੱਤੂ : ਚੱਲ ਨਹੀਂ ਆਉਂਦਾ ਤਾਂ ਅਸੀਂ ਉਹਨੂੰ ਜਾ ਕੇ ਸ਼ਹਿਰ ਮਿਲ

ਆਵਾਂਗੇ।

ਭਾਨੀ : ਨਹੀਂ, ਮੈਂ ਸ਼ਹਿਰ ਨਹੀਂ ਜਾਣਾ, ਉਹਦੀ ਸਰਕਾਰੀ ਕੋਠੀ ਜਾਂਦਿਆਂ ਮੈਨੂੰ ਡਰ ਲਗਦੈ। ਫਰਸ਼ 'ਤੇ ਮੈਂ ਤਿਲਕ ਤਿਲਕ ਜਾਂਦੀ ਹਾਂ।

ਦਿੱਤੂ : ਇਸੇ ਕਰਕੇ ਕਦੀ ਕਦਾਈਂ ਮੈਂ ਸੋਚਦਾ ਹਾਂ ਕਿ ਛੋਟੇ ਬੰਦਿਆਂ ਦੇ ਪੁੱਤਰ ਛੋਟੇ ਹੀ ਰਹਿਣ ਤਾਂ ਚੰਗਾ ਏ। ਆਪਸ ਵਿਚ ਦੂਰੀ ਵੀ ਨਹੀਂ ਪੈਂਦੀ ਅਤੇ ਦੁਨੀਆਂ ਨੂੰ ਵੀ ਸੜਨ ਦਾ ਮੌਕਾ ਨਹੀਂ ਮਿਲਦਾ।

ਭਾਨੀ : ਲੈ ਛੋਟੇ ਕਿਉਂ ਰਹਿਣ ? ਬੰਦਾ ਤਰੱਕੀ ਕਰੇ ਤਾਂ ਉਹਦੀ ਜੂਨ ਸੁਧਰ ਜਾਂਦੀ ਏ। ਪਾਵਿਆਂ ਦੀ ਥਾਂ ਇੱਟਾ ਰੱਖ ਕੇ ਗੁਜ਼ਰਾ ਨਹੀਂ ਕਰਨਾ ਪੈਂਦਾ। ਬਾਕੀ ਦੁਨੀਆਂ ਦਾ ਕੀ ਏ, ਜੇ ਸੜਦੀ ਏ ਤਾਂ ਸੜਦੀ ਰਹੇ। ਸਰਦਾਰਨੀਆਂ ਬੜੀ ਵਾਰੀ ਸੁਣਾ ਕੇ ਕਹਿੰਦੀਆਂ ਨੇ ਭਾਨੀ ਦੀ ਮਜਾਜ ਹੀ ਬੜੀ ਹੋ ਗਈ ਏ ਤੇ ਮੈਂ ਵੀ ਕਹਿਨੀ ਹਾਂ ਆਹੋ ਹੋ ਗਈ ਏ, ਜ਼ਰੂਰ ਤਾਂ ਨਹੀਂ ਕਿ ਅਸੀਂ ਸਾਰੀ ਉਮਰ ਵੱਡਿਆਂ ਦੇ ਥੱਲੇ ਲੱਗਕੇ ਰਹਿਣਾ ਏ।

ਦਿੱਤੂ : ਵੱਡੇ ਲੇਖਕ ਵਾਲੀ ਸਰਦਾਰਨੀ ਨੇ ਤੈਨੂੰ ਬੁਲਾ ਭੇਜਿਆ ਸੀ। ਕੋਈ ਕੰਮ ਸੀ ?

ਭਾਨੀ : ਨਹੀਂ ਕੰਮ ਬਾਰੇ ਤਾਂ ਪਿਛਲੀ ਵਾਰ ਜਦੋਂ ਮੈਂ ਜੁਆਬ ਦਿੱਤਾ, ਹੁਣ ਨਹੀਂ ਕਹਿੰਦੀ।

ਦਿੱਤੂ : ਫੇਰ ?

ਭਾਨੀ : ਨਿੰਦੀ ਦਾ ਸੁਨੇਹਾ ਮਿਲਿਆ ਸੀ, ਉਹਦੇ ਕਰਕੇ ਚਲੀ ਗਈ ਸਾਂ। ਬਾਹਲੀ ਇੱਜ਼ਤ ਕਰਦੀ ਏ। ਨਿੱਕੀ ਹੁੰਦਿਆਂ ਚਾਚੀ ਕਹਿੰਦੀ ਸੀ। ਹੁਣ ਕਾਲਜ ਪੜ੍ਹਦੀ ਏ, ਤਾਂ ਵੀ ਚਾਚੀ ਕਹਿ ਕੇ ਬੁਲਾਉਂਦੀ ਏ, ਜੱਫੀ ਪਾ ਕੇ ਮਿਲਦੀ ਏ, ਮੈਨੂੰ ਲੱਗਦਾ ਏ ਕਿ ਸਰਦਾਰ ਦੇ ਘਰ ਕਲੇਸ਼ ਪੈਣ ਵਾਲਾ ਏ।

ਦਿੱਤੂ : ਸਰਦਾਰ ਆਪਣੀ ਬਾਈ ਤਾਂ, ਕਿਤਾਬਾਂ ਲਿਖ ਲਿਖਕੇ ਹੋਰਨਾਂ ਦੇ ਕਲੇਸ਼ ਸੁਲਝਾਉਂਦਾ ਏ, ਭਲਾ ਆਪਣੇ ਘਰ ਉਹਦੇ ਕਲੇਸ਼ ਕਿਉਂ ਪਵੇਗਾ ?

ਭਾਨੀ : ਨਿੰਦੀ ਸ਼ਹਿਰ ਪੜ੍ਹਾਉਂਦੇ ਕਿਸੇ ਮੁੰਡੇ ਨਾਲ ਵਿਆਹ ਕਰਵਾਉਣਾਚਾਹੁੰਦੀ ਏ, ਜਿਦ੍ਹੀ ਜਾਤ ਨੀਵੀਂ ਏ।

ਦਿੱਤੂ : ਫੇਰ ਤੈਨੂੰ ਕਿਉਂ ਬੁਲਾਇਆ ਸੀ ? ਮੁੰਡਾ ਕਿਧਰੇ ਆਪਣੀ ਜਾਤ ਦਾ ਤਾਂ ਨਹੀਂ ?

ਭਾਨੀ : ਨਹੀਂ ਇਹ ਗੱਲ ਨਹੀਂ, ਮੁੰਡਾ ਆਪਣੇ ਰਾਜਿੰਦਰ ਦੇ ਵਾਕਫਾਂ ਵਿਚੋਂ ਏ, ਕਹਿੰਦੀ ਸੀ ਕਿ ਰਾਜਿੰਦਰ ਭਾਪਾ ਜੀ ਨਾਲ ਗੱਲ ਕਰੇ।

ਦਿੱਤੂ : ਰਾਜਿੰਦਰ ਦੀ ਗੱਲ ਉਹ ਕਿਉਂ ਮੰਨਣਗੇ।

ਭਾਨੀ : ਰਾਜਿੰਦਰ ਜਦੋਂ ਸਕੂਲੇ ਪੜ੍ਹਦਾ ਸੀ ਤਾਂ ਸਰਦਾਰ ਹੋਰਾਂ ਨਾਲ ਉਹਦਾ ਖਾਸ ਮੋਹ ਸੀ। ਉਹਨਾਂ ਦੀਆਂ ਲਿਖੀਆਂ ਕਿਤਾਬਾਂ ਪੜ੍ਹਦਾ ਸੀ ਤੇ ਉਹ ਕਿੰਨੀ ਵਾਰ ਕਹਿ ਚੁੱਕਿਆ ਏ ਕਿ ਜੋ ਕੁਝ ਵੀ ਹੁਣ ਬਣ ਸਕਿਆ ਏ ਉਹ ਸਰਦਾਰ ਹੋਰਾਂ ਕਰਕੇ ਹੀ ਬਣਿਆ ਏ। ਦੁਨੀਆਂ ਵਿਚ ਕੋਈ ਛੋਟਾ ਵੱਡਾ ਨਹੀਂ, ਇਹ ਸਰਦਾਰ ਹੋਰਾਂ ਦੀਆਂ ਲਿਖਤਾਂ ਨੇ ਹੀ ਉਹਨੂੰ ਹੌਸਲਾ ਤੇ ਉਤਸ਼ਾਹ ਦਿੱਤਾ ਸੀ। ਇਸੇ ਲਈ ਨਿੰਦੀ ਚਾਹੁੰਦੀ ਏ ਕਿ ਰਾਜਿੰਦਰ ਗੱਲ ਕਰੇ।

ਦਿੱਤੂ : ਰਾਜਿੰਦਰ ਪਤਾ ਨਹੀਂ ਇਹ ਕਿਉਂ ਕਹਿੰਦਾ ਏ ? ਮੈਨੂੰ ਤਾਂ ਸਰਦਾਰ ਤੇ ਹੋਰ ਉੱਚੀ ਜਾਤ ਵਾਲੇ ਜੱਟਾਂ ਵਿਚ ਕਦੀ ਕੋਈ ਫ਼ਰਕ ਨਹੀਂ ਲੱਗਾ। ਉਂਝ ਕੁੜੀ ਆਪ ਕਿਉਂ ਨਹੀਂ ਆਪਣੇ ਭਾਪੇ ਨੂੰ ਕਹਿੰਦੀ ?

ਭਾਨੀ : ਆਪ ਕੁੜੀਆਂ ਭਲਾ ਪਿਉਆਂ ਨੂੰ ਇਹ ਗੱਲਾਂ ਕਹਿ ਸਕਦੀਆਂ ਨੇ?

ਦਿੱਤੂ : ਕਿਉਂ ਤੂੰ ਕੁੜੀ ਨਹੀਂ ਸੀ ?

ਭਾਨੀ : ਕੀ ਮਤਲਬ ?

ਦਿੱਤੂ : ਆਪਣੇ ਵੇਲੇ ਤੂੰ ਬਾਪ ਨੂੰ ਨਹੀਂ ਕਿਹਾ ਸੀ ?

ਭਾਨੀ : ਮੈਂ ਬਾਪੂ ਨੂੰ ਕਦੋਂ ਕਿਹਾ ਸੀ, ਮੈਂ ਤੇ ਮਾਂ ਨੂੰ ਕਿਹਾ ਸੀ ਕਿ ਤੂੰ ਮੈਨੂੰ ਚੰਗਾ ਲਗਦਾ ਏਂ ਤੇ ਮਾਂ ਨੇ ਅੱਗੋਂ ਬਾਪ ਨੂੰ ਕਿਹਾ ਸੀ। ਹੁਣ ਮੈਂ ਸੋਚਦੀ ਹਾਂ ਕਿ ਮੈਂ ਇਸ ਤਰ੍ਹਾਂ ਕਿਉਂ ਕਿਹਾ ? ਭਲਾ ਤੇਰੇ ਵਿਚ ਚੰਗੀ ਲੱਗਣ ਵਾਲੀ ਕਿਹੜੀ ਗੱਲ ਏ ? ਪਰ ਮੈਂ ਤਾਂ ਗੱਲ ਨਿੰਦੀ ਦੀ ਕਰ ਰਹੀ ਸਾਂ।

ਦਿੱਤੂ : ਤੇ ਮੈਂ ਵੀ ਗੱਲ ਨਿੰਦੀ ਦੀ ਕਰ ਰਿਹਾ ਹਾਂ ਕਿ ਉਹ ਆਪਣੀ ਮਾਂ ਨੂੰ ਕਵੇ ਕਿ ਸ਼ਹਿਰ ਜਿਹੜਾ ਮੁੰਡਾ ਉਸਦੇ ਨਾਲ ਪੜ੍ਹਾਉਂਦਾ ਏ, ਉਹ ਉਸਨੂੰ ਚੰਗਾ ਲੱਗਦਾ ਏ।

ਭਾਨੀ : ਸਰਦਾਰਨੀ ਨੂੰ ਮੈਂ ਜਾਣਦੀ ਹਾਂ, ਉਹ ਕਦ ਬਰਦਾਸ਼ਤ ਕਰੇਗੀ ਕਿ ਨਿੰਦੀ ਆਪਣੇ ਨਾਲੋਂ ਨੀਵੀਂ ਜਾਤ ਨਾਲ ਵਿਆਹ ਕਰੇ।

ਦਿੱਤੂ : ਸਰਦਾਰਨੀ ਨੂੰ ਤੂੰ ਜਾਣਦੀ ਏ ਤੇ ਸਰਦਾਰ ਨੂੰ ਮੈਂ, ਵੱਡੇ, ਵੱਡੇ ਹੀ ਹੁੰਦੇ ਨੇ, ਉਹ ਕਦ ਚਾਹੁੰਦੇ ਨੇ ਕਿ ਕੋਈ ਨੀਵਾਂ ਵੀ ਉਹਨਾਂ ਦੀ ਬਰਾਬਰੀ ਕਰੇ।

ਭਾਨੀ : ਉਹਨਾਂ ਦੇ ਚਾਹੁੰਣ ਜਾਂ ਨਾ ਚਾਹੁੰਣ ਨਾਲ ਦੁਨੀਆਂ ਥੋੜ੍ਹੀ ਚਲਦੀ ਹੈ। (ਹੌਲਦਾਰ ਨੂੰ ਆਉਂਦਿਆਂ ਦੇਖ ਕੇ) ਲੈ ਤੇਰਾ ਦੋਸਤ ਹੌਲਦਾਰ ਵੀ ਆ ਗਿਆ ਏ। ਇਹਦੇ ਕੋਲੋਂ ਪੁੱਛ ਲੈ।

*(ਹੌਲਦਾਰ ਆਉਂਦਾ ਹੈ।)*

ਹੌਲਦਾਰ : ਕੀ ਗੱਲ ਏ ਦਿੱਤੂ ਸਿਆਂ ? ਭਾਬੀ ਕੀ ਪੁੱਛਦੀ ਏ ?

ਦਿੱਤੂ : ਹਾਂ ਤਾਂ ਕੀ ਖ਼ਬਰ ਏ ਫੌਜੀਆ, ਕੋਈ ਨਵੀਂ ਤਾਜ਼ੀ ? ਅੱਜ ਪਿੰਡ ਵਿਚ ਕਿਹਨੂੰ ਖਰੀਆਂ ਖਰੀਆਂ ਸੁਣਾਈਆਂ ਨੇ।

ਹੌਲਦਾਰ : ਅੱਜ ਤਾਂ ਸ਼ਹਿਰ ਗਿਆ ਸੀ, ਆਪਣੇ ਰਾਜਿੰਦਰ ਨੂੰ ਮਿਲ ਕੇ ਆਇਆ ਹਾਂ–ਪੈਨਸ਼ਨ ਦਾ ਕੁਝ ਬਕਾਇਆ ਬੈਂਕ ਆਇਆ ਸੀ, ਬੈਂਕ ਵਾਲੇ ਕਹਿਣ ਕਿ ਕੋਈ ਵਾਕਫ਼ੀ ਲਿਆਓ ਮੈਂ ਆਖਿਆ ਆਪਣਾ ਆਈਡੈਂਟੀ ਕਾਰਡ ਹੈ, ਜੋ ਉਸ ਵੇਲੇ ਵੀ ਹਮਾਰੀ ਜੇਬ ਮੇਂ ਥਾ, ਜਬ ਹਮ ਫਰੰਟ ਪਰ ਲੜਤੇ ਹੁਏ ਜ਼ਖਮੀਂ ਹੁਏ ਥੇ।

ਦਿੱਤੂ : ਤੂੰ ਉਹਨਾਂ ਨਾਲ ਉਰਦੂ ਵਿਚ ਗੱਲ ਕੀਤੀ ?

ਹੌਲਦਾਰ : ਆਹੋ, ਇਕ ਫ਼ੌਜੀ, ਫ਼ੌਜੀ ਲਗਦਾ ਹੀ ਤਾਂ ਏ ਜੇਕਰ ਉਰਦੂ ਵਿਚ ਗੱਲ ਕਰੇ, ਭਾਵੇਂ ਟੁੱਟੀ ਫੁੱਟੀ ਉਰਦੂ ਵਿਚ ਹੀ ਕਰੇ। ਉਹ ਕਹਿਣ ਲੱਗੇ ਅਸੀਂ ਨਹੀਂ ਮੰਨਦੇ, ਕਿਸੇ ਗਜ਼ਟਿਡ ਅਫ਼ਸਰ ਸੇ ਤਸਦੀਕ ਕਰਵਾ ਕੇ ਲਿਆਉ ਕਿ ਇਹ ਦਸਤਖ਼ਤ ਟੁੰਡੇ ਹੌਲਦਾਰ ਵਿਸਾਖਾ ਸਿੰਘ ਨੇ ਮੇਰੀ ਹਾਜ਼ਰੀ ਵਿਚ ਦਸਖ਼ਤ ਕੀਤੇ ਹਨ। ਤੇ ਫੇਰ ਆਪਣੀ ਮੋਹਰ ਲਗਾਏ– ਸੋ ਮੈਂ ਸੋਚਿਆ ਕਿ ਆਪਣੇ ਸਃ ਰਾਜਿੰਦਰ ਸਿੰਘ ਕੋਲ ਚੱਲੀਏ– ਸੋ ਆਪਾਂ ਉਹਦੇ ਦਫ਼ਤਰ ਪਹੁੰਚ ਗਏ– ਅੱਗੇ ਚਪੜਾਸੀ ਅੰਦਰ ਨਾ ਜਾਣ ਦੇਵੇ ਕਿ ਕਿਸਕੋ ਮਿਲਣਾ ਹੈ, ਮੇਂ ਕਿਹਾ ਗੇਜੇ ਨਲੀ ਚੋਚੋ ਕੋ ਮਿਲਣਾ ਹੈ– ਉਹ ਉਤੇ ਥੱਲੇ ਵੇਖੇ ਮੈਂ ਸੋਚਿਆ ਕਿ ਇਸਨੂੰ ਹੋਰ ਕਿਸੇ ਗਧੀ ਗੇੜ ਵਿਚ ਕੀ ਪਾਣਾ ਏ– ਕਿਹਾ ਤੁਹਾਡੇ ਸਃ ਰਾਜਿੰਦਰ ਸਿੰਘ ਨੂੰ ਮਿਲਣਾ ਏ– ਅਸੀਂ ਉਹਦੇ ਚਾਚਾ ਲਗਦੇ ਹਾਂ। ਅੰਦਰ ਜਾ ਕੇ ਆਖੋ ਟੁੰਡਾ ਹੌਲਦਾਰ ਵਿਸਾਖਾ ਸਿੰਘ ਆਇਆ ਹੈ– ਏਨੇ ਵਿਚ ਰਾਜਿੰਦਰ ਵਾਜ ਪਛਾਣਕੇ ਆਪ ਹੀ ਆ ਗਿਆ– ਪੈਰੀਂ ਪੈਣੀ ਕਰਕੇ ਮਿਲਿਆ। ਸ਼ਾਨ ਨਾਲ ਸਾਡੀ ਛਾਤੀ 38 ਇੰਚ ਤੋਂ 42 ਇੰਚ ਹੋ ਗਈ। ਉਸਦੇ ਮਤਿਹਤ ਵੇਖਦੇ ਹੀ ਰਹਿ ਗਏ।

ਦਿੱਤੂ : ਫੌਜੀਆ ਆਪਣੇ ਰਾਜਿੰਦਰ ਨੂੰ ਬੰਦੇ ਦੀ ਪਛਾਣ ਏ– ਆਪਣਾ ਲੰਬੜ ਗਿਆ ਸੀ ਤਾਂ ਗਾਲ੍ਹਾਂ ਕੱਢਦਾ ਆਇਆ ਸੀ। ਆ ਕੇ ਮੇਰੇ ਨਾਲ ਗੁੱਸਾ ਕੱਢਦਾ ਸੀ ਕਿ ਰਾਜਿੰਦਰ ਦੀ ਆਕੜ ਹੀ ਬੜੀ ਹੋ ਗਈ ਏ।

ਹੌਲਦਾਰ : ਉਹ ਲੰਬੜ ਦੇ ਸਿਰ 'ਤੇ ਤਾਂ ਜੁੱਤੀਆਂ ਵੱਜਣੀਆਂ ਚਾਹੀਦੀਆਂ ਨੇ– ਸਾਲਾ ਟਾਊਟ ਕਿਸੇ ਥਾਂ ਦਾ। ਹਾਂ ਰਾਜਿੰਦਰ ਕਹਿੰਦਾ ਸੀ ਕਿ

ਮਾਂ ਤੇ ਬਾਪੂ ਨੂੰ ਕਹਿਣਾ ਉਹ ਇਸ ਸ਼ਨੀਚਰਵਾਰ ਆਵੇਗਾ।

ਭਾਨੀ : ਲੈ ਫੇਰ ਨਿੰਦੀ ਵਾਲੀ ਗੱਲ ਸਰਦਾਰ ਹੁਰਾਂ ਨਾਲ ਕਰ ਲਵੇਗਾ।

ਹੌਲਦਾਰ : ਨਹੀਂ ਸਰਦਾਰ ਨਹੀਂ ਮੰਨੇਗਾ।

ਦਿੱਤੂ : ਕੀ ਨਹੀਂ ਮੰਨੇਗਾ ? ਤੈਨੂੰ ਕੀ ਪਤਾ ਏ ਫੌਜੀਆ ?

ਹੌਲਦਾਰ : ਇਹੀ ਕਿ ਉਹਦੀ ਬੇਟੀ ਆਪਣੀ ਜਾਤ ਤੋਂ ਬਾਹਰ ਦੇ ਮੁੰਡੇ ਕੇ ਸਾਥ ਵਿਆਹ ਕਰੇ।

ਭਾਨੀ : ਤਾਂ ਤੈਨੂੰ ਸਾਰੀ ਗੱਲ ਪਤਾ ਏ ਭਰਾਵਾ ?

ਹੌਲਦਾਰ : ਭਾਬੀ ਜਦ ਤੋਂ ਇਹ ਬਾਂਹ ਟੁੰਡੀ ਹੋਈ ਏ, ਮੱਥੇ 'ਤੇ ਤੀਜੀ ਅੱਖ ਲੱਗ ਗਈ ਏ। ਸਾਰੇ ਪਿੰਡ ਦੀ ਗੱਲ ਕੋਈ ਮੇਰੇ ਤੋਂ ਨਹੀਂ ਛੁਪੀ ਰਹਿੰਦੀ– ਨਾਲੇ ਇਹ ਤਾਂ ਲੇਖਕ ਬਾਈ ਨੇ ਆਪ ਕੀਤੀ ਸੀ।

ਦਿੱਤੂ : ਕਿਸ ਤਰ੍ਹਾਂ ?

ਹੌਲਦਾਰ : ਗੱਲ ਭਈਏ ਮਜ਼ਦੂਰਾਂ ਦੀ ਹੋ ਰਹੀ ਸੀ। ਆਪਣੇ ਲੇਖਕ ਸਰਦਾਰ ਸਾਹਿਬ ਕਹਿਣ ਲੱਗੇ ਕਿ ਭਈਆਂ ਦਾ ਪੰਜਾਬ ਵਿਚ ਆਉਣਾ ਬੰਦ ਹੋਣਾ ਚਾਹੀਦਾ ਹੈ, ਇਹ ਪੰਜਾਬ ਦੇ ਸਭਿਆਚਾਰ ਨੂੰ ਖ਼ਤਮ ਕਰ ਦੇਣਗੇ, ਮੈਂ ਕੋਈ ਬਹਿਸ ਕੀਤੀ ਤਾਂ ਉਹਨਾਂ ਦੇ ਮੂੰਹੋਂ ਨਿਕਲ ਗਿਆ ਕਿ ਜਿਥੇ ਕੋਈ ਹੈ, ਉਸਨੂੰ ਆਪਣੀ ਥਾਂ ਪਛਾਣ ਕੇ ਰੱਖਣੀ ਚਾਹੀਦੀ ਏ, ਐਵੇਂ ਉਤੇਂ ਵੱਲ ਨਹੀਂ ਵੇਖਣਾਚਾਹੀਦਾ, ਤੇ ਫੇਰ ਅਗਲੀ ਗੱਲ ਵੀ ਮੂੰਹੋਂ ਨਿਕਲ ਗਈ, ਨਿੰਦੀ ਆਪਣੀ ਬੇਟੀ ਵਾਲੀ। ਸੋ ਦਿੱਤੂ ਸਿੰਘ ਜੀ, ਇਕ ਗੱਲ ਸਾਡੀ ਪੱਲੇ ਬੰਨ੍ਹ ਲਵੋ ਕਿ ਇਹ ਵੱਡੇ ਲੋਕ, ਇਹ ਨੇਤਾ, ਇਹ ਲੇਖਕ, ਸਿਰਫ ਪਰਚਾਰ ਹੀ ਕਰਦੇ ਨੇ, ਦੂਜਿਆਂ ਨੂੰ ਬਹੁਤ ਕੁਝ ਸਹਿਣ ਨੂੰ ਕਹਿੰਦੇ ਹਨ, ਪਰ ਜਦੋਂ ਗੱਲ ਆਪਣੇ 'ਤੇ ਆ ਜਾਏ ਤਾਂ ਟਾਇਰ ਪੰਕਚਰ ਹੋ ਜਾਂਦਾ ਹੈ, ਫੂਕ ਨਿਕਲ ਜਾਂਦੀ ਹੈ।

ਦਿੱਤੂ : ਫੌਜੀਆ ਇਹ ਗੱਲ ਤੂੰ ਸੋਲ੍ਹਾਂ ਆਨੇ ਆਖੀ ਏ। "ਵੱਡੇ ਨਹੀਂ ਚਾਹੁੰਦੇ ਕਿ ਛੋਟਾ ਉਤੇ ਉਠੇ" ਆਪਣਾ ਰਾਜਿੰਦਰ ਵੀ ਜਦੋਂ ਸ਼ਹਿਰੋਂ ਆਉਂਦਾ ਏ ਤਾਂ ਪਿੰਡ ਦੇ ਬਜ਼ੁਰਗ ਬਾਜ ਨਹੀਂ ਆਉਂਦੇ, ਪੱਜ ਲਾ ਕੇ ਸੁਣਾ ਹੀ ਦੇਂਦੇ ਨੇ ਕਿ ਭਾਵੇਂ ਉਹਸ ਹਿਰ 'ਚ ਸ: ਰਾਜਿੰਦਰ ਸਿੰਘ ਬਣ ਜਾਏ, ਪਰ ਅਸਲੀਅਤ ਤਾਂ ਇਹੋ ਏ ਕਿ ਉਹ ਦਿੱਤੂ ਚਮਾਰ ਦਾ ਮੁੰਡਾ ਗੇਜਾ ਏ।

ਭਾਨੀ : ਤੇ ਦਿੱਤੂ ਏ ਕਿ ਉਹਦਾ ਮੁੰਡਾ ਭਾਵੇਂ ਅਫ਼ਸਰ ਲੱਗ ਗਿਆ ਏ, ਉਹ ਦਿੱਤੂ ਹੀ ਰਹੇਗਾ। ਪਾਵਾ ਟੁੱਟਜਾਏ ਤਾਂ ਥੱਲੇ ਇੱਟਾ ਦੇ ਦੇਵੇਗਾ।

ਹੌਲਦਾਰ : ਇਹ ਪਾਵੇ ਤੇ ਇੱਟਾਂ ਦੀ ਕੀ ਗੱਲ ਏ, ਦਿੱਤੂ ਸਿੰਘ ਜੀ ?

ਦਿੱਤੂ : ਫੌਜੀਆ, ਆਪਦੇ ਵੱਡੇ ਮੰਜੇ ਦਾ ਪਾਵਾ ਟੁੱਟ ਗਿਆ ਏ। ਨਵਾਂ ਪਾਵਾ ਲੱਗ ਨਹੀਂ ਸਕਦਾ। ਮੰਜਾ ਖਾਨਦਾਨੀ ਏ। ਸੁੱਟਣ ਨੂੰ ਜੀ ਨਹੀਂ ਕਰਦਾ। ਉਹਦੇ ਥੱਲੇ ਪਾਵੇ ਦੀ ਥਾਂ ਇੱਟਾਂ ਰੱਖ ਦਿੱਤੀਆਂ ਨੇ, ਉਹ ਤੇਰੀ ਭਾਬੀ ਨੂੰ ਚੰਗੀਆਂ ਨਹੀਂ ਲੱਗੀਆਂ।

ਹੌਲਦਾਰ : ਭਾਬੀ ਠੀਕ ਕਹਿੰਦੀ ਏਂ, ਪੁਰਾਣੀ ਚੀਜ਼ ਜਿੰਨੀ ਮਗਰੋਂ ਲਹਿ ਜਾਏ ਚੰਗਾ ਹੈ। ਆਪਣੇ ਲੋਕਾਂ ਦਾ ਨੁਕਸ ਇਹੋ ਹੈ ਕਿ ਉਹ ਪੁਰਾਣੀਆਂ ਚੀਜ਼ਾਂ ਨੂੰ ਚਮੜੇ ਹੁਏ ਹੈਂ। ਦੁਨੀਆਂ ਅੱਗੇ ਜਾ ਰਹੀ ਹੈ ਇਹਨਾਂ ਨੇ 'ਰਿਵਰਸ ਗੇਅਰ' ਲਗਾਇਆ ਹੋਇਆ ਹੈ।

ਦਿੱਤੂ : ਰਿਵਰਸ ਗੇਅਰ ?

ਹੌਲਦਾਰ : ਹਾਂ, ਆਪਣਾ ਗਿਆਨੀ ਭਜਨ ਸਿੰਘ ਏ ਨਾ, ਉਸਨੇ ਪੁੱਠਾ ਪਰਚਾਰ ਛੇੜਿਆ ਹੋਇਆ ਹੈ ਕਿ ਸਿੱਖਾਂ ਨੂੰ ਇਸ ਦੇਸ਼ ਵਿਚ ਧਾਰਮਕ ਆਜ਼ਾਦੀ ਹੋਣੀ ਚਾਹੀਦੀਏ। ਉਨਕਾ ਵੱਖਰਾ ਦੇਸ਼ ਬਣਨਾ ਚਾਹੀਦਾ ਹੈ। ਮੈਂ ਤਾਂ ਉਹਦੀ ਬੜੀ ਲਾਹਪਾਹ ਕੀਤੀ।

ਦਿੱਤੂ : ਕੀ ?

ਹੌਲਦਾਰ : ਮੈਂ ਕਿਹਾ ਹੋਰ ਧਾਰਮਕ ਆਜ਼ਾਦੀ ਕੀ ਚਾਹੀਦੀ ਏ ? ਚਾਰ ਵਜੇ ਗੁਰਦੁਆਰੇ ਧੁਤੂ ਲਗਾ ਦੇਂਦੇ ਹੋ। ਮੇਰੇ ਵਰਗੇ ਬੰਦੇ ਦੀ ਨੀਂਦ ਹਰਾਮ ਕਰਦੇ ਹੋ। ਜਿਥੇ ਮਰਜ਼ੀ ਅਖੰਡਪਾਠ ਖੋਲ੍ਹ ਦੇਂਦੇ ਹੋ। ਬਾਕੀ ਰਹੀ ਵੱਖਰੇ ਦੇਸ਼ ਦੀ ਗੱਲ, ਮੈਂ ਤਾਂ ਕਹਿਨਾ ਹਾਂ ਕਿ ਇਕ ਦੇਸ਼ ਐਸਾ ਬਣ ਜਾਣਾ ਚਾਹੀਦਾ ਏ, ਜਿਹੜਾ ਮੁਲਾਣੇ, ਪੰਡਤ ਤੇ ਭਾਈਆਂ ਦਾ ਹੋਵੇ। ਆਪਣੀਆਂ-ਆਪਣੀਆਂ ਧਾਰਮਿਕ ਪੁਸਤਕਾਂ ਲੈ ਕੇ ਉਥੇ ਪੁੱਜ ਜਾਣ, ਧੁਤੂ ਲਗਾ ਕੇ ਇਕ ਦੂਜੇ ਦਾ ਸਿਰ ਖਾਣ, ਉਹ ਵੀ ਸੁੱਖੀ ਤੇ ਦੁਨੀਆਂ ਵੀ ਸੁੱਖੀ।

ਦਿੱਤੂ : ਫੌਜੀਆ ਇਹ ਗੱਲ ਤੂੰ ਹੀ ਕਰ ਸਕਦਾ ਏਂ, ਹੋਰ ਕੋਈ ਕਰੇ ਤਾਂ ਉਹਦਾ ਗਾਟਾ ਲਾਹ ਦੇਣ। ਬੰਦਾ ਜਿੰਨੀ ਮਰਜ਼ੀ ਤਰੱਕੀ ਕਰ ਜਾਏ, ਪਰ ਮਜ਼ਬ, ਜਾਤ ਅਤੇ ਆਪਣੇ ਪਿੱਛੇ ਤੋਂ ਛੁਟਕਾਰਾ ਨਹੀਂ ਪਾ ਸਕਦਾ।

ਹੌਲਦਾਰ : ਤੇ ਇਹੋ ਤਿੰਨੇ ਚੀਜ਼ਾਂ ਬੰਦੇ ਨੂੰ ਪਕੜ ਕੇ ਬੈਠੀਆਂ ਹੋਈਆਂ ਨੇ। ਕਹਿੰਦੀਆਂ ਨੇ ਬੰਦਿਆਂ ਤੂੰ ਅੱਗੇ ਜਾਣਾ ਕਿਥੇ ਏ ? ਖੇਤਾਂ ਵਿਚ ਦੁਨੀਆਂ ਦੀ ਸਭ ਤੋਂ ਚੰਗੀ ਫ਼ਸਲ ਉਗਾਈਦੀ ਏ। ਪਰ ਪਿੰਡ ਵਿਚ ਜ਼ਿੰਦਗੀ 150 ਸਾਲ ਪਿੱਛ ਵਾਲੀ ਗੁਜ਼ਾਰੀ ਦੀ ਏ, ਆਪਦੇ ਬਜ਼ੁਰਗਾਂ ਦੇ ਬੜੇ ਗੁਣ ਗਾਉਂਦੇ ਹਾਂ ਕਿ ਸਾਡੇ ਬਜ਼ੁਰਗ ਬਹੁਤ ਵੱਡੇ ਹੁੰਦੇ ਥੇ, ਹੁੰਦੇ ਥੇ... ਪਰ ਹੁਣ ਕੀ ਹਾਂ, ਇਹਦੇ ਬਾਰੇ ਧਿਆਨ ਨਹੀਂ

ਜਾਂਦਾ।ਬਜਾਏ ਇਹਦੇ ਇਹੀ ਸੋਚੀਏ ਕਿ ਇਸ ਝੂਠ ਅਤੇ ਭ੍ਰਿਸ਼ਟਾਚਾਰ ਦੇ ਪਸਾਰੇ ਨੂੰ ਕਿਸ ਤਰ੍ਹਾਂ ਖ਼ਤਮ ਕਰੀਏ, ਅਸੀਂ ਮਜ਼੍ਹਬਾਂ ਦੇ ਨਾਂ ਵੱਖ ਦੇਸ਼ ਬਨਾਉਣਾ ਚਾਹੁੰਦੇ ਹਾਂ। ਗਿਆਨੀ ਭਜਨ ਸਿੰਘ ਕਹਿਣ ਲੱਗਾ ਫੌਜੀਆ ਤੂੰ ਸਾਡਾ ਦੁਸ਼ਮਣ ਏਂ...ਮੈਂ ਆਖਿਆ ਹਾਂ।ਦੁਸ਼ਮਣ ਹਾਂ– ਹਰ ਉਸ ਗੱਲ ਦਾ ਦੁਸ਼ਮਣ ਰਵਾਂਗਾ, ਜਿਹੜੀ ਗ਼ਲਤ ਏ। ਭਾਬੀ ਤੂੰ ਫ਼ਿਕਰ ਨਾ ਕਰ ਮੈਂ ਕੱਲ੍ਹ ਹੀ ਨਵਾਂ ਮੰਜਾ ਲੈ ਕੇ ਆਵਾਂਗਾ ਤੇ ਦਿੱਤੂ ਸਿੰਘ ਦਾ ਇਹ ਪੁਰਾਣਾ ਮੰਜਾ ਉਤੇ ਸੁੱਟਾਂਗਾ, ਜਿਥੇ ਉਹਦੀ ਥਾਂ ਏ, ਜ਼ਿੰਦਗੀ ਠੁੰਮਣਿਆਂ ਦੇ ਸਹਾਰੇ ਨਹੀਂ ਕੱਟੀ ਜਾ ਸਕਦੀ, ਉਹਨੂੰ ਨਵੇਂ ਪਾਵਿਆਂ ਵਾਲੇ ਨਵੇਂ ਮੰਜਿਆਂ ਦੀ ਲੋੜ ਏ।

*(ਜਾਣ ਲਗਦਾ ਹੈ ਤਾਂ ਲੇਖਕ ਦੁਕਾਨ 'ਤੇ ਆ ਜਾਂਦਾ ਹੈ।ਫੌਜੀ ਵੀ ਖਲੋ ਜਾਂਦਾ ਹੈ।)*

ਲੇਖਕ : ਕਿਉਂ ਦਿੱਤੂ ਜੁੱਤੀ ਬਣ ਗਈ ਏ ?

ਦਿੱਤੂ : ਹਾਂ ਬਣ ਗਈ ਏ ਸਰਦਾਰ ਜੀ।

ਹੌਲਦਾਰ : ਬਾਈ, ਇਹ ਕਾਗਜ਼ਾਂ ਦਾ ਬੜਾ ਭਾਰ ਚੁੱਕਿਆ ਏ, ਖੈਰ ਤਾਂ ਹੈ ?

ਸਰਦਾਰ : ਫੌਜੀਆ, ਇਹ ਆਪਣੇ ਨਵੇਂ ਨਾਵਲ ਦਾ ਖਰੜਾ ਏ।

ਹੌਲਦਾਰ : ਅੱਛਾ, ਨਵਾਂ ਨਾਵਲ ਲਿਖ ਮਾਰਿਆ ? ਬਾਈ ਇਹ ਗੱਲ ਬੜੇ ਚਿਰਾਂ ਤੋਂ ਮੇਰੇ ਦਿਮਾਗ਼ ਵਿਚ ਦੌੜ ਰਹੀ ਏ–

ਸਰਦਾਰ : ਕਿਹੜੀ ਗੱਲ ?

ਹੌਲਦਾਰ : ਪਹਿਲੇ ਬੰਦੇ ਦੀ ਇਕ ਕੌਮ ਹੁੰਦੀ ਏ, ਫੇਰ ਕੌਮੀਅਤ ਹੁੰਦੀ ਏ, ਫੇਰ ਉਹਦਾ ਧਰਮ ਹੁੰਦਾ ਏ, ਫੇਰ ਉਹਦੀ ਜਾਤ ਹੁੰਦੀ ਏ, ਫੇਰ ਉਹਦੀ ਗੋਤ ਹੁੰਦੀ ਏ। ਬੰਦਾ, ਬੰਦਾ ਕਦੋਂ ਹੁੰਦਾ ਹੈ ?

ਸਰਦਾਰ : ਬੰਦਾ, ਬੰਦਾ ਉਦੋਂ ਹੁੰਦਾ ਏ, ਜਦੋਂ ਇਹਨਾਂ ਸਾਰੇ ਅਡੰਬਰਾਂ ਤੋਂ ਮੁਕਤ ਹੋ ਜਾਏ। ਮੇਰੀਆਂ ਸਾਰੀਆਂ ਲਿਖਤਾਂ ਦਾ ਇਹ ਨਿਚੋੜ ਏ।

ਹੌਲਦਾਰ : ਇਹ ਨਵਾਂ ਨਾਵਲ ਵੀ ਇਹੋ ਹੋਣਾ ਏ।

ਸਰਦਾਰ : ਇਹਦੇ ਵਿਚ ਇਕ ਬੰਦੇ ਦੀ ਕਹਾਣੀ ਏ ਜੋ ਏਨਿਆਂ ਵਿਚੋਂ ਸੂਰਮਾਂ ਬਣ ਕੇ ਉੱਠਿਆ।

ਹੌਲਦਾਰ : ਇਹ ਬੰਦੇ ਦੀ ਵੀ ਕਹਾਣੀ ਹੈ ਤੇ ਸੂਰਮੇ ਦੀ ਵੀ ਏ ?

ਸਰਦਾਰ : ਹਾਂ ਇਵੇਂ ਹੀ ਸਮਝ ਲੈ।

ਹੌਲਦਾਰ : ਫੇਰ ਮੇਰੀ ਇਕ ਗੱਲ ਮੰਨ ਜਾਓ, ਤੁਸੀਂ ਬੰਦੇ ਬਣ ਜਾਓ, ਸਾਡੀ ਭਤੀਜੀ ਏ ਨਾ, ਨਿੰਦੀ ਜਿਹੜੀ ਤੁਹਾਡੀ ਬੇਟੀ ਏ, ਇਕ ਲੇਖਕ ਦੀ ਬੇਟੀ ਏ, ਉਸ ਲੇਖਕ ਦੀ, ਜਿਸ ਦੀਆਂ ਸਾਰੀਆਂ ਲਿਖਤਾਂ ਬੰਦੇ ਨੂੰ ਬੰਦਾ ਬਣਾਉਣਾ ਸਿਖਾਉਂਦੀਆਂ ਨੇ, ਇਹਨੂੰ ਇਜਾਜ਼ਤ ਦੇ

ਦੇਵੋ, ਉਹ ਜਿਸ ਮੁੰਡੇ ਨਾਲ ਜੀਵਨ ਦਾ ਸਾਥ ਨਿਭਾਉਣਾ ਚਾਹੁੰਦੀ ਏ ਉਹ ਆਪਣੀ ਮਰਜ਼ੀ ਕਰ ਲਵੇ। ਜ਼ਾਤਪਾਤ ਦਾ ਰੇੜਕਾ ਵਿਚ ਨਾ ਆਵੇ।

ਸਰਦਾਰ : ਇਹ ਕੀਕਣ ਹੋ ਸਕਦਾ ਏ ਹੌਲਦਾਰਾ?

ਹੌਲਦਾਰ : ਜਿਸ ਤਰ੍ਹਾਂ ਤੁਹਾਡੇ ਨਾਵਲਾਂ ਵਿਚ ਹੁੰਦਾ ਏ, ਕੁੜੀਆਂ ਬਗ਼ਾਵਤ ਕਰਦੀਆਂ ਨੇ, ਜੇਰਾ ਕਰਦੀਆਂ ਨੇ, ਬਾਈ ਸਾਡੀ ਭਤੀਜੀ ਨੇ ਇਮਤਿਹਾਨ ਵਿਚ ਪਾ ਦਿੱਤਾ ਏ, ਇਕ ਲੇਖਕ ਨੂੰ।

ਸਰਦਾਰ : ਜ਼ਰੂਰੀ ਨਹੀਂ ਕਿ ਫੌਜੀਆ ਮੈਂ ਇਮਤਿਹਾਨ ਵਿਚ ਪਵਾਂ, ਹੋਰ ਵੀ ਰਾਹ ਹੁੰਦੇ ਨੇ ਕਿਸੇ ਮਸਲੇ ਦੇ ਹੱਲ ਲਈ।

ਹੌਲਦਾਰ : ਮਤਲਬ?

ਸਰਦਾਰ : ਮਤਲਬ ਕਿ ਮਸਲੇ ਦਾ ਫਸਤਾ ਹੀ ਵੱਢਿਆ ਜਾ ਸਕਦੈ। ਪਰ ਇਹ ਗੱਲਾਂ ਤੈਨੂੰ ਨਹੀਂ ਸਮਝ ਆ ਸਕਦੀਆਂ। (ਦਿੱਤੂ ਨੂੰ) ਦਿੱਤੂ ਜੁੱਤੀ ਫੜਾ (ਜੁੱਤੀ ਫੜ ਕੇ ਜਾਣ ਲਗਦਾ ਹੈ।)

ਹੌਲਦਾਰ : ਬਾਈ ਜਾਣ ਤੋਂ ਪਹਿਲਾਂ ਮੇਰੀ ਇਕ ਗੱਲ ਸੁਣ ਜਾ, ਅੱਖਰ ਬੜੇ ਪਵਿੱਤਰ ਹੁੰਦੇ ਨੇ, ਉਹਨਾਂ ਦਾ ਅਪਮਾਨ ਕਰਨਾ ਚੰਗਾ ਨਹੀਂ ਹੁੰਦਾ। ਜੇ ਤੁਹਾਡੇ ਕੋਲ ਲਿਖਣ ਲਈ ਸੱਚ ਨਹੀਂ ਤਾਂ ਕਾਗਜ਼ਾਂ ਦਾ ਗਰਭਪਾਤ ਨਾ ਕਰੋ। (ਲੇਖਕ ਜਾਂਦਾ ਹੈ।) ਦਿੱਤੂ ਸਿੰਘ ਮੇਰੀ ਗੱਲ ਮੰਨ ਇਸ ਦੀ ਜੁੱਤੀ ਵਿਚ ਰੋੜਾ ਰੱਖ।

ਦਿੱਤੂ : ਰੋੜਾ?

ਹੌਲਦਾਰ : ਜਿਹੜਾ ਬੰਦਾ ਕਹਿਣੀ 'ਤੇ ਪੂਰਾ ਉਤਰਨ ਵਾਲਾ ਨਾ ਹੋਵੇ, ਉਹਦੀ ਜੁੱਤੀ ਵਿਚ ਰੋੜਾ ਰੱਖਿਆ ਕਰ। ਜਦੋਂ ਤੁਰੇ ਤਾਂ ਪੈਰ 'ਤੇ ਛਾਲਾ ਹੋ ਜਾਏ। ਇਹ ਗੱਲ ਮੇਰੀ ਪੱਲੇ ਬੰਨ੍ਹ ਲੈ।

*(ਜਾਂਦਾ ਹੈ।)*

## (ਸੀਨ ਤੀਜਾ)

*(ਦਿੱਤੂ ਕੰਮ ਕਰ ਰਿਹਾ ਏ। ਜਦੋਂ ਥਾਣੇਦਾਰ ਤੇ ਸਿਪਾਹੀ ਆਉਂਦਾ ਹੈ।)*

ਥਾਣੇਦਾਰ : ਕਿਉਂ ਤੂੰ ਇਸ ਜੁੱਤੀ ਦੇ ਪੈਰ ਨੂੰ ਪਛਾਣਦਾ ਏਂ?

ਦਿੱਤੂ : ਹਾਂ, ਇਹ ਮੇਰੇ ਹੱਥਾਂ ਦੀ ਹੀ ਬਣੀ ਹੋਈ ਏ।

ਥਾਣੇਦਾਰ : ਰਾਮ ਸਿੰਘ ਅਸੀਂ ਠੀਕ ਟਿਕਾਣੇ ਪੁੱਜੇ ਹਾਂ।

ਰਾਮ ਸਿੰਘ : ਹਾਂ ਜੀ, ਅਸੀਂ ਠੀਕ ਟਿਕਾਣੇ ਪੁੱਜੇ ਹਾਂ।

ਥਾਣੇਦਾਰ : ਅਗਲਿਆਂ ਨੇ ਸਾਨੂੰ ਠੀਕ ਹੀ ਦੱਸਿਆ ਏ।

ਰਾਮ ਸਿੰਘ : ਹਾਂ ਜੀ ਠੀਕ ਹੀ ਦੱਸਿਆ ਏ।

ਦਿੱਤੂ : ਕੀ ਠੀਕ ਦੱਸਿਆ ਏ ?

ਥਾਣੇਦਾਰ : ਜਿਨੂੰ ਪੁੱਛਿਆ ਕਿ ਇਹ ਜੁੱਤੀ ਕਿਹਦੀ ਬਣਾਈ ਹੋਈ ਹੈ, ਉਹਦੇ ਤੇਰਾ ਹੀ ਨਾਂ ਲਿਆ।

ਦਿੱਤੂ : ਲਿਆ ਹੋਣਾ ਏ ਜੀ, ਚੰਗੀ ਜੁੱਤੀ ਬਣਾਉਣ ਦੀ ਸਾਰੀ ਕਾਰੀਗਰੀ ਪਹਿਲੇ ਚੰਗਾ ਕਲਬੂਤ ਬਨਾਉਣ ਵਿਚ ਹੁੰਦੀ ਏ... ਤੇ ਮੈਂ ਕਲਬੂਤ ਉਤੇ ਪੂਰੀ ਮਿਹਨਤ ਕਰਦਾ ਹਾਂ। ਪਰ ਗੱਲ ਕੀ ਏ ?

ਥਾਣੇਦਾਰ : ਰਾਮ ਸਿੰਘ ਇਸ ਨੂੰ ਦੱਸ ਕਿ ਗੱਲ ਕੀ ਏ ?

ਦਿੱਤੂ : ਤੁਸੀਂ ਆਪ ਹੀ ਦੱਸ ਦਿਓ, ਮੈਂ ਤੁਹਾਡੀ ਗੱਲ ਸਮਝ ਸਕਦਾ ਹਾਂ।

ਥਾਣੇਦਾਰ : ਤਾਂ ਇਹ ਦੱਸ ਕਿ ਜੁੱਤੀ ਕਿਹਦੀ ਏ, ਯਨੀ ਇਹ ਤੂੰ ਕਿਨੂੰ ਬਣਾ ਕੇ ਦਿੱਤੀ ਏ ?

ਦਿੱਤੂ : ਪਰ ਤੁਸੀਂ ਇਹ ਕਿਉਂ ਪੁੱਛਦੇ ਹੋ ?

ਥਾਣੇਦਾਰ : ਇਹ ਦੱਸਣ ਦਾ ਸਾਨੂੰ ਹੁਕਮ ਨਹੀਂ।

ਦਿੱਤੂ : ਫੇਰ ਮੈਨੂੰ ਵੀ ਦੱਸਣ ਦਾ ਹੁਕਮ ਨਹੀਂ ਕਿ ਇਹ ਜੁੱਤੀ ਕੀਹਦੀ ਏ ?

ਥਾਣੇਦਾਰ : ਤੈਨੂੰ ਕੀਹਦਾ ਹੁਕਮ ਏ ?

ਦਿੱਤੂ : ਤੁਹਾਨੂੰ ਕੀਹਦਾ ਹੁਕਮ ਏ ?

ਥਾਣੇਦਾਰ : ਉੱਪਰ ਵਾਲਿਆਂ ਦਾ।

ਦਿੱਤੂ : ਤੇ ਮੈਨੂੰ ਹੁਕਮ ਏ ਮੇਰੇ ਪੇਸ਼ੇ ਦੇ ਇਮਾਨ ਦਾ।

ਥਾਣੇਦਾਰ : ਤੇਰਾ ਹੁਕਮ ਸਾਡੇ 'ਤੇ ਨਹੀਂ ਚੱਲ ਸਕਦਾ।

ਦਿੱਤੂ : ਫੇਰ ਤੁਹਾਡਾ ਹੁਕਮ ਮੇਰੇ 'ਤੇ ਨਹੀਂ ਚੱਲ ਸਕਦਾ। ਇਹ ਕਿਥੇ ਲਿਖਿਆ ਹੈ ਕਿ ਸਾਰੇ ਹੁਕਮ ਤੁਹਾਡੇ ਹੀ ਚੱਲਣ।

ਥਾਣੇਦਾਰ : ਰਾਮ ਸਿੰਘ ਇਹਨੂੰ ਦੱਸ ਦੇ ਕਿ ਹੁਕਮ ਕਿਥੇ ਲਿਖਿਆ ਹੈ।

ਰਾਮ ਸਿੰਘ : ਜੀ ਜ਼ਬਾਨੀ ਦੱਸਾਂ ਕਿ ਦੂਜੀ ਤਰ੍ਹਾਂ ?

ਦਿੱਤੂ : ਪਰ ਤੁਹਾਡਾ ਸਭ ਕੁਝ ਤੋਂ ਮਤਲਬ ਕੀ ਏ ?

ਰਾਮ ਸਿੰਘ : ਬਜ਼ੁਰਗਾਂ ਸਾਡੇ ਕੋਲ ਬਹੁਤਾ ਵਕਤ ਨਹੀਂ, ਜਾਂ ਤੇ ਇਹ ਦੱਸਦੇ ਕਿ ਇਸ ਜੁੱਤੀ ਦਾ ਇਹ ਇਕ ਪੈਰ ਏ, ਤੇ ਇਹ ਜੁੱਤੀ ਜੋ ਤੂੰ ਬਣਾਈ ਏ, ਇਹ ਕਿਸਦੀ ਏ ? ਨਹੀਂ ਦੱਸਣਾ ਤਾਂ ਸਾਡੇ ਨਾਲ ਥਾਣੇ ਚੱਲ।

ਦਿੱਤੂ : ਕਿਉਂ ਜ਼ਬਰਦਸਤੀ ਏ।

ਥਾਣੇਦਾਰ : ਹਾਂ ਜ਼ਬਰਦਸਤੀ ਏ।

ਦਿੱਤੂ : ਉਥੇ ਕੀ ਹੋਵੇਗਾ ?

ਥਾਣੇਦਾਰ : ਰਾਮ ਸਿੰਘ ਇਹਨੂੰ ਦੱਸ ਕਿ ਉਥੇ ਕੀ ਹੋਵੇਗਾ।

ਰਾਮ ਸਿੰਘ : ਤੈਨੂੰ ਪੁੱਠਾ ਟੰਗ ਦਿੱਤਾ ਜਾਏਗਾ।

ਭਾਨੀ : ਨਾ ਏਸ ਨੂੰ ਕਿਉਂ ਪੁੱਠਾ ਟੰਗ ਦਿੱਤਾ ਜਾਏਗਾ ?

ਦਿੱਤੂ : ਕਿਉਂਕਿ ਮੈਂ ਇਹ ਜੁੱਤੀ ਬਣਾਈ ਏ।

ਭਾਨੀ : ਪਰ ਸਾਡਾ ਪੁਸ਼ਤਾਂ ਤੋਂ ਇਹ ਕੰਮ ਏ, ਭਾਵੇਂ ਅਗਲੀ ਪੁਸ਼ਤ ਇਹ ਕੰਮ ਨਹੀਂ ਕਰੇਗੀ।

ਰਾਮ ਸਿੰਘ : ਕਿਉਂ ? ਅਗਲੀ ਪੁਸ਼ਤ ਨੂੰ ਕੋਈ ਕਾਰੂ ਦਾ ਖਜ਼ਾਨਾ ਮਿਲ ਗਿਆ ਏ?

ਭਾਨੀ : ਮੁੰਡਾ ਅਫ਼ਸਰ ਲੱਗ ਗਿਆ ਏ, ਹੁਣ ਉਹ ਜੁੱਤੀਆਂ ਕਿਉਂ ਗੰਢੇਗਾ ?

ਰਾਮ ਸਿੰਘ : ਅਫ਼ਸਰ ?

ਦਿੱਤੂ : ਤੂੰ ਵਿਚ ਨਾ ਬੋਲ, ਤੇ ਹਾਂ ਥਾਣੇਦਾਰ ਸਾਹਿਬ ਇਸ ਜੁੱਤੀ ਦੇ ਮਾਲਕ ਬਾਰੇ ਮੈਂ ਤਾਂ ਹੀ ਦੱਸਾਂਗਾ, ਜੇ ਪਹਿਲੇ ਤੁਸੀਂ ਦੱਸੋ ਕਿ ਤੁਸੀਂ ਕਿਉਂ ਪੁੱਛ ਰਹੇ ਹੋ ?

ਥਾਣੇਦਾਰ : ਤਾਂ ਬਜ਼ੁਰਗੋ ਸੁਣੋ, ਇਹ ਜੁੱਤੀ ਦਾ ਪੈਰ ਸਾਨੂੰ ਉਸ ਬੈਂਕ ਵਾਲੀ ਸੜਕ ਤੋਂ ਮਿਲਿਆ ਏ। ਜਿਹੜਾ ਕੱਲ੍ਹ ਖਾੜਕੂਆਂ ਵੱਲੋਂ ਲੁੱਟਿਆ ਗਿਆ ਏ।

ਦਿੱਤੂ : ਪਰ ਉਹ ਤਾਂ ਖਾੜਕੂਆਂ ਵਿਚ ਸ਼ਾਮਲ ਨਹੀਂ ਹੋ ਸਕਦਾ।

ਥਾਣੇਦਾਰ : ਕੌਣ ?

ਦਿੱਤੂ : ਜਿਸਦੀ ਜੁੱਤੀ ਦਾ ਇਹ ਪੈਰ ਏ। ਮੈਂ ਤਾਂ ਉਹਨੂੰ ਨਿੱਕੇ ਹੁੰਦਿਆਂ ਤੋਂ ਜਾਣਦਾ ਹਾਂ। ਪਹਿਲੀ ਵਾਰੀ ਉਹਦੀ ਜੁੱਤੀ ਉਸ ਵੇਲੇ ਬਣਾਈ ਸੀ, ਜਦੋਂ ਉਹ ਸਕੂਲ ਪੜ੍ਹਨੇ ਪਿਆ ਸੀ। ਫੇਰ ਤਾਂ ਉਹ ਹਰ ਛੇਈਂ ਮਹੀਨੇ ਨਵੀਂ ਜੁੱਤੀ ਬਣਵਾਉਂਦਾ ਸੀ। ਗਾਉਣ ਦਾ ਵੀ ਉਹਨੂੰ ਸ਼ੌਕ ਏ। ਪਿਛੇ ਜਿਹੇ ਕਾਲਜ ਵਿਚ ਇਕ ਮੁਕਾਬਲੇ ਵਿਚ ਉਹ ਅੱਵਲ ਆਇਆ ਸੀ। ਸਟੇਜ ’ਤੇ ਚਾਦਰਾ ਬੰਨ੍ਹਕੇ ਜਾਂਦਾ ਏ ਤੇ ਉਸ ਦਿਨ ਲਈ ਉਹਨੇ ਨਵੀਂ ਜੁੱਤੀ ਬਣਵਾਈ ਸੀ, ਇਹੋ ਤਾਂ ਸੀ... ਕੁਝ ਦਿਨ ਹੋਏ ਕਾਗਜ਼ ਤੇ ਇਕ ਮੇਚਾ ਬਣਵਾਕੇ ਲਿਆਇਆ ਸੀ। ਕਿਸੇ ਕੁੜੀ ਦਾ ਪੈਰ ਸੀ।

ਰਾਮ ਸਿੰਘ : ਦੇਖੋ ਜਨਾਬ, ਕਿਹੋ ਜਿਹਾ ਜ਼ਮਾਨਾ ਆ ਗਿਆ ਏ, ਕੁੜੀਆਂ ਮੁੰਡਿਆਂ ਨੂੰ ਪੈਰਾਂ ਦੀਆਂ ਜੁੱਤੀਆਂ ਦੇ ਮੇਚੇ ਦਿੰਦੀਆਂ ਨੇ।

ਥਾਣੇਦਾਰ : ਤੂੰ ਚੁੱਪ ਰਹਿ।

ਰਾਮ ਸਿੰਘ : ਮੈਂ ਚੁੱਪ ਹਾਂ ਜੀ।

ਦਿੱਤੂ : ਮੈਂ ਪੁੱਛਿਆ, ਕਹਿਣ ਲੱਗਾ, ਚਾਚਾ ਹੈਗੀ ਏ ਆਪਣੀ ਇਕ, ਉਹਨੂੰ ਤੋਹਫ਼ਾ ਦੇਣਾ ਏ।

ਥਾਣੇਦਾਰ : ਪਰ ਉਹ ਹੈ ਕੌਣ ?

ਦਿੱਤੂ : ਹੱਸਦਾ ਏ ਤਾਂ ਸਾਰੇ ਪਿੰਡ ਵਿਚ ਉਹਦੇ ਹਾਸੇ ਦੀ ਆਵਾਜ਼ ਆਉਂਦੀ ਏ– ਪਰ ਥਾਣੇਦਾਰ ਸਾਹਿਬ ਹੁਣ ਤਾਂ ਪਿੰਡ ਵਿਚ ਹੱਸਦਾ ਹੀ ਕੋਈ ਨਹੀਂ, ਹਾਸੇ ਸਾਰੇ ਪਤਾ ਨਹੀਂ ਕਿਥੇ ਗੁੰਮ ਹੋ ਗਏ ਨੇ, ਹਾਂ ਤੇ ਇਹ ਪੈਰ ਤੁਹਾਨੂੰ ਸੜਕ 'ਤੇ ਮਿਲਿਆ ਏ, ਰੱਖ ਦਿਓ, ਆਇਆ ਤਾਂ ਦੇ ਦੇਵਾਂਗਾ। ਆਵੇਗਾ ਜ਼ਰੂਰ ਨਵੀਂ ਜੁੱਤੀ ਬਣਵਾਉਣ।

ਥਾਣੇਦਾਰ : ਤੈਨੂੰ ਕਿੱਦਾਂ ਦੇ ਦੇਈਏ, ਇਹਦੀ ਕੀਮਤ ਤਾਂ ਹੁਣ ਦਸ ਹਜ਼ਾਰ ਏ।

ਦਿੱਤੂ : ਮੇਰੇ ਕੋਲੋਂ ਤਾਂ ਇਹ ਸੱਠਾਂ ਦਾ ਬਣਵਾ ਕੇ ਲੈ ਗਆ ਏ, ਸੱਠਾਂ ਵਿਚ ਤੁਹਾਨੂੰ ਵੀ ਬਣਾ ਦੇਵਾਂਗਾ। ਇਹਦੀ ਦਸ ਹਜ਼ਾਰ ਕਿੰਝ ਕੀਮਤ ਹੋ ਗਈ ? ਕਿਉਂ ਮਖੌਲਾਂ ਕਰਦੇ ਹੋ ?

ਥਾਣੇਦਾਰ : ਮਖੌਲਾਂ ਤਾਂ ਤੂੰ ਪਿਆ ਕਰਦਾ ਏ। ਰਾਮ ਲੀਲਾ ਸਾਰੀ ਸੁਣਾ ਦਿੱਤੀ ਪਰ ਇਹ ਨਹੀਂ ਦੱਸਿਆ ਕਿ ਸੀਤਾ ਕੌਣ ਏ ? ਜੁੱਤੀ ਦਾ ਪੈਰ ਕਿਸ ਦਾ ਏ ?

ਦਿੱਤੂ : ਆਪਣੇ ਇੰਦਰਜੀਤ ਦਾ ਏ। ਲੱਖਾ ਸਿੰਘ ਦਾ ਮੁੰਡਾ, ਕਾਲਜ ਪੜ੍ਹਦਾ ਏ।

ਥਾਣੇਦਾਰ : ਇੰਦਰਜੀਤ ਪੁੱਤਰ ਲੱਖਾ ਸਿੰਘ, ਹੁਣ ਰਾਮ ਸਿੰਘ ਇਸ ਬਜ਼ੁਰਗ ਨੂੰ ਸਮਝਾ ਕਿ ਇਸ ਜੁੱਤੀ ਦੀ ਕੀਮਤ ਦਸ ਹਜ਼ਾਰ ਕਿਉਂ ਏ।

ਰਾਮ ਸਿੰਘ : ਸੁਣ ਬਜ਼ੁਰਗਾ, ਜੋ ਇਸ ਜੁੱਤੀ ਦਾ ਮਾਲਕ ਏ, ਉਹ ਤੇ ਤਿੰਨ ਹੋਰ ਮੁੰਡੇ ਮੋਟਰ ਸਾਇਕਲਾਂ 'ਤੇ ਬੈਠ ਕੇ ਇਕ ਬੈਂਕ ਗਏ। ਇੰਦਰਜੀਤ ਉਰਫ ਜੀਤਾ, ਉਰਫ ਬੰਟੀ, ਉਰਫ ਘੰਟੀ, ਜੋ ਕਿ ਇਕ ਖ਼ਤਰਨਾਕ ਅੱਤਵਾਦੀ ਏ, ਮੋਟਰ ਸਾਇਕਲ ਦੇ ਪਿੱਛੇ ਏ.ਕੇ.–47 ਲੈ ਕੇ ਬੈਠਾ ਸੀ। ਬੈਂਕ ਕੋਲ ਪੁੱਜਦਿਆਂ ਉਹਨੇ ਫਾਇਰ ਕੀਤਾ, ਬੈਂਕ ਦਾ ਗਾਰਡ ਜ਼ਖਮੀ ਹੋ ਗਿਆ। ਉਹਨਾਂ ਨੇ ਬੈਂਕ ਦੇ ਸਾਰੇ ਮੁਲਾਜ਼ਮਾਂ ਨੂੰ ਇਕ ਲਾਈਨ ਵਿਚ ਖੜ੍ਹਾ ਕਰ ਦਿੱਤਾ ਤੇ ਫੇਰ ਕੈਸ਼ੀਅਰ ਕੋਲੋਂ ਚਾਬੀ ਲੈ ਕੇ ਕੈਸ਼ ਲੁੱਟਿਆ। ਫੇਰ ਕਾਹਲੀ ਨਾਲ ਜਦੋਂ ਉਹ ਮੋਟਰ ਸਾਇਕਲ ਸਟਾਰਟ ਕਰਨ ਲੱਗੇ ਤਾਂ ਇੰਦਰਜੀਤ ਦੀ ਜੁੱਤੀ ਦਾ ਪੈਰ ਡਿੱਗ ਪਿਆ।

ਦਿੱਤੂ : ਉਹਨਾਂ ਨੇ ਬੈਂਕ ਤੋਂ ਦਸ ਹਜ਼ਾਰ ਲੁੱਟਿਆ ?

ਰਾਮ ਸਿੰਘ : ਦਸ ਹਜ਼ਾਰ ?

ਦਿੱਤੂ : ਹੁਣ ਤੁਸੀਂ ਆਖਿਆ ਏ ਨਾ ਕਿ ਜੁੱਤੀ ਦੀ ਕੀਮਤ ਦਸ ਹਜ਼ਾਰ ਏ।

ਰਾਮ ਸਿੰਘ : ਨਹੀਂ, ਉਹਨਾਂ ਨੇ ਪੰਜ ਲੱਖ ਲੁੱਟਿਆ।

ਹਿੱਤੂ : ਪਰ ਦਸ ਹਜ਼ਾਰ ?

ਰਾਮ ਸਿੰਘ : ਜੁੱਤੀ ਦਾ ਪੈਰ ਪੁਲਿਸ ਨੇ ਬੜੀ ਹੁਸ਼ਿਆਰੀ ਨਾਲ ਲੱਭਿਆ ਤੇ ਸੁਰਾਗ ਲਗਾਇਆ, ਉਹ ਇਥੇ ਪੁੱਜੀ ਹੈ। ਹੁਣ ਉਹ ਇੰਦਰਜੀਤ ਉਰਫ ਜੀਤਾ, ਉਰਫ ਬੰਟੀ, ਉਰਫ ਘੰਟੀ, ਕੇ ਘਰ ਜਾਏਗੀ ਤੇ ਕਹੇਗੀ ਜਾਂ ਮੁੰਡਾ ਪੇਸ਼ ਕਰੋ, ਜਾਂ ਦਸ ਹਜ਼ਾਰ ਦਿਓ... ਸੋ ਬਜ਼ੁਰਗਾ ਭਾਵੇਂ ਹਿਸਾਬ ਨਾਲ ਜੁੱਤੀ ਦੀ ਕੀਮਤ ਸੱਠ ਰੁਪਏ ਅਤੇ ਇਕ ਪੈਰ ਦੀ ਤੀਹ... ਪਰ ਸਾਡੇ ਲਈ ਇਹ ਜੁੱਤੀ ਏ ਚਾਂਦੀ ਦੀ ਜੁੱਤੀ... ਕੀਮਤ ਦਸ ਹਜ਼ਾਰ... ਵੈਸੇ ਤਾਂ ਉਗਰਾਹੀ ਤੇਰੇ ਕੋਲੋਂ ਵੀ ਹੋ ਸਕਦੀ ਏ।

ਦਿੱਤੂ : ਉਹ ਕਿਉਂ ?

ਰਾਮ ਸਿੰਘ : ਕਿ ਤੂੰ ਖਾੜਕੂਆਂ ਨੂੰ ਜੁੱਤੀਆਂ ਸਪਲਾਈ ਕਰਦਾ ਏਂ।

ਥਾਣੇਦਾਰ : ਰਾਮ ਸਿੰਘ ਹੋਰ ਦੱਸਣ ਦੀ ਲੋੜ ਨਹੀਂ।

*(ਮੁੜਦੇ ਹਨ ਤਾਂ ਹੌਲਦਾਰ ਨਾਲ ਟਾਕਰਾ ਹੁੰਦਾ ਹੈ।)*

ਹੌਲਦਾਰ : ਸਤਿ ਸ੍ਰੀ ਅਕਾਲ, ਥਾਣੇਦਾਰ ਸਾਹਿਬ, ਅੱਜ ਸਾਡੇ ਦਿੱਤੂ ਸਿੰਘ ਨੂੰ ਕਿਉਂ ਘੇਰਿਆ ਹੋਇਆ ਏ ?

ਥਾਣੇਦਾਰ : ਰਾਮ ਸਿੰਘ ਇਹ ਕੌਣ ਏ ?

ਹੌਲਦਾਰ : ਮੈਂ ਵਿਸਾਖਾ ਸਿੰਘ, ਟੁੰਡਾ ਹੌਲਦਾਰ ਹਾਂ।

ਦਿੱਤੂ : ਫੌਜੀਆ, ਇਹਨਾਂ ਕੋਲ ਇਕ ਜੁੱਤੀ ਏ, ਜਿਹਦੀ ਕੀਮਤ ਦਸ ਹਜ਼ਾਰ ਏ, ਤੇ ਉਹ ਲੱਖਾ ਸਿੰਘ ਕੋਲੋਂ ਲੈਣ ਚੱਲੇ ਨੇ।

*(ਥਾਣੇਦਾਰ ਤੇ ਸਿਪਾਹੀ ਜਾਂਦੇ ਹਨ। ਦਿੱਤੂ ਤੇ ਹੌਲਦਾਰ ਵੇਖਦੇ ਹਨ।)*

ਹੌਲਦਾਰ : ਦਿੱਤੂ ਸਾਰੀ ਗੱਲ ਖੋਲ੍ਹ ਕੇ ਦੱਸ।

ਦਿੱਤੂ : ਉਹਨਾਂ ਕੋਲ ਇੰਦਰਜੀਤ ਦੇ ਪੈਰ ਦੀ ਜੁੱਤੀ ਏ, ਉਹਦੇ ਬਾਰੇ ਪੁੱਛ-ਗਿੱਛ ਕਰ ਰਹੇ ਸਨ।

ਹੌਲਦਾਰ : ਕਿਹੜਾ ਇੰਦਰਜੀਤ ?

ਦਿੱਤੂ : ਦੱਸਿਆ ਤਾਂ ਹੈ ਲੱਖਾ ਸਿੰਘ ਦਾ, ਉਹਦੇ ਪੈਰ ਦੀ ਜੁੱਤੀ ਲਈ ਫਿਰਦੇ ਨੇ, ਅਖੇ ਬੈਂਕ ਵਾਲੀ ਸੜਕ ਤੋਂ ਮਿਲੀ ਏ, ਜੋ ਕੱਲ੍ਹ ਲੁੱਟਿਆ ਗਿਆ ਏ-

ਹੌਲਦਾਰ : ਪਰ ਉਹ ਸੜਕ ਕਾਲਜ ਵੀ ਜਾਂਦੀ ਏ।

ਦਿੱਤੂ : ਰੱਬ ਦੀਆਂ ਰੱਬ ਹੀ ਜਾਣੇ।

*(ਇੰਦਰਜੀਤ ਆਉਂਦਾ ਹੈ।)*

ਇੰਦਰਜੀਤ : ਚਾਚਾ ਆਪਣਾ ਨੁਕਸਾਨ ਹੋ ਗਿਆ ਏ, ਜੁੱਤੀ ਦਾ ਇਕ ਪੈਰ ਕਾਲਜ ਜਾਂਦਿਆਂ ਕਿਧਰੇ ਡਿੱਗ ਪਿਆ। (ਦਿੱਤੂ ਉਹਦੇ ਵੱਲ ਅੱਖਾਂ

ਪਾੜ੍ਹ ਕੇ ਦੇਖ ਰਿਹਾ ਹੈ।) ਪਰ ਤੂੰ ਮੇਰੇ ਵੱਲ ਕੀ ਪਿਆ ਵੇਖਦਾ ਏਂ। ਕੀ ਗੱਲ ਹੋਈ ਏ ਚਾਚਾ ?

ਦਿੱਤੂ : ਤਾਂ ਫੇਰ ਤੁਸੀਂ ਬੈਂਕ ਲੁੱਟਣ ਗਏ, ਤੁਸੀਂ ਚਾਰ ਮੁੰਡੇ ਸੀ, ਤੁਹਾਡੇ ਕੋਲ ਮੋਟਰ ਸਾਇਕਲ ਸਨ। ਤੂੰ ਇਕ ਮੋਟਰ ਸਾਇਕਲ ਦੇ ਪਿੱਛੇ ਬੈਠਾ ਸੀ। ਤੇਰੇ ਕੋਲ ਏ.ਕੇ.-47 ਸੀ। ਤੁਸੀਂ ਬੈਂਕ ਦੇ ਗਾਰਡ ਕੋਲੋਂ ਬੰਦੂਕ ਖੋਹੀ। ਬੈਂਕ ਦੇ ਮੁਲਾਜ਼ਮਾਂ ਨੂੰ ਇਕ ਲਾਈਨ ਵਿਚ ਖੜ੍ਹਾ ਕੀਤਾ। ਕੈਸ਼ੀਅਰ ਕੋਲੋਂ ਚਾਬੀ ਲੈ ਕੇ 5 ਲੱਖ ਲੁੱਟਿਆ। ਵਾਪਸ ਆਇਆ ਮੋਟਰ ਸਾਇਕਲ 'ਤੇ ਬੈਠਾ। ਪਰ ਕਾਹਲੀ ਵਿਚ ਜੁੱਤੀ ਦਾ ਪੈਰ ਡਿੱਗ ਪਿਆ।

ਇੰਦਰਜੀਤ : ਉਹ ਤੂੰ ਕੀ ਪਿਆ ਕਹਿਨਾ ਏ ਚਾਚਾ ?

ਦਿੱਤੂ : ਇਹ ਮੈਂ ਨਹੀਂ, ਉਹ ਪੁਲਿਸ ਵਾਲੇ ਕਹਿ ਰਹੇ ਨੇ।

ਹੌਲਦਾਰ : ਉਹ ਤੈਨੂੰ ਭਾਲਦੇ ਪਏ ਨੇ, ਤੂੰ ਘਰ ਜਾ, ਇਸ ਤੋਂ ਪਹਿਲਾਂ ਕਿ ਤੇਰੇ ਬੁੱਢੇ ਬਾਪ ਦੀ ਦਾੜ੍ਹੀ ਸੱਥ ਵਿਚ ਪੁੱਟੀ ਜਾਏ, ਤੇਰੀ ਮਾਂ ਦੀ ਪੱਤ ਗਲੀ ਵਿਚ ਰੋਲੀ ਜਾਏ ਤੇਰੇ ਬਾਪ ਨੂੰ ਡੰਗਰ ਵੇਚ ਕੇ ਦਸ ਹਜ਼ਾਰ ਪੁਲਿਸ ਨੂੰ ਚੜ੍ਹਾਉਣਾ ਪਏ ਤੂੰ ਘਰ ਜਾ... ਘਰ ਚਲ ਮੈਂ ਵੀ ਬੋਲਦਾ ਹਾਂ, ਹੋਰ ਵੀ ਪਿੰਡ ਵਾਲੇ ਇਕੱਠੇ ਕਰਦੇ ਹਾਂ। ਹੁਣ ਇਹ ਗੱਲ ਇਕੱਲੇ ਦੀ ਨਹੀਂ ਰਹੀ...

*(ਸਾਰੇ ਜਾਂਦੇ ਹਨ)*

## (ਸੀਨ ਚੌਥਾ)

*(ਹੌਲਦਾਰ ਦੇ ਘਰ ਦੀ ਬੈਠਕ, ਹੌਲਦਾਰ, ਬਲਕਾਰ ਸਿੰਘ ਨਾਲ ਗੱਲ ਕਰ ਰਿਹਾ ਹੈ।)*

ਹੌਲਦਾਰ : ਤਾਂ ਲੈਫਟੀਨੈਂਟ ਜਨਰਲ ਬਲਕਾਰ ਸਿੰਘ ਜੀ, ਹੁਣ ਤੁਹਾਡਾ ਅੱਗੋਂ ਕੀ ਪ੍ਰੋਗਰਾਮ ਹੈ ?

ਬਲਕਾਰ : ਚਾਚਾ ਹੁਣ ਤੂੰ ਵੀ ਟਿਚਕਰ ਕਰੇਂਗਾ ?

ਹੌਲਦਾਰ : ਟਿਚਕਰ ਵਾਲੀ ਗੱਲ ਨਹੀਂ, ਅਸੀਂ ਪੰਦਰਾਂ ਸਾਲ ਫੌਜ ਦੀ ਨੌਕਰੀ ਕੀਤੀ ਤਾਂ ਜਾ ਕੇ ਸਿਪਾਹੀ ਤੋਂ ਹੌਲਦਾਰ ਬਣੇ ਤੇ ਤੁਸੀਂ ਕੱਲ੍ਹ ਦੇ ਮੁੰਡੇ, ਕੋਈ ਲੈਫਟੀਨੈਂਟ ਜਨਰਲ ਤੋਂ ਘੱਟ ਹੀ ਨਹੀਂ, ਹਾਂ ਤੁਹਾਡਾ ਕੀ ਇਰਾਦਾ ਏ, ਕੀ ਚਾਹੁੰਦੇ ਹੋ ਤੁਸੀਂ ?

ਬਲਕਾਰ : ਚਾਚਾ ਜਦੋਂ ਤੂੰ ਬੰਦੂਕ ਚੁੱਕੀ ਮੋਰਚੇ 'ਤੇ ਗਿਆ ਸੀ ਤਾਂ ਕੀ ਚਾਹੁੰਦਾ ਸੀ ?

ਹੌਲਦਾਰ : ਦੁਸ਼ਮਣ ਨੂੰ ਹਾਰ ਦੇਣੀ ਸੀ, ਇਕ ਮੁਲਕ ਨੂੰ ਫਤਹਿ ਕਰਨਾ ਸੀ।

ਬਲਕਾਰ : ਅਸੀਂ ਵੀ ਦੁਸ਼ਮਣ ਨੂੰ ਹਾਰ ਦੇਣੀ ਏ, ਮੁਲਕ ਫਤਹਿ ਕਰਨਾ ਏ।

ਹੌਲਦਾਰ : ਕੌਣ ਏ ਦੁਸ਼ਮਣ ਤੁਹਾਡਾ ? ਕਿਹੜਾ ਮੁਲਕ ਫਤਹਿ ਕਰਨਾ ਏ ਤੁਸੀਂ ?

ਬਲਕਾਰ : ਦਿੱਲੀ ਦੀ ਸਰਕਾਰ ਸਾਡੀ ਦੁਸ਼ਮਣ ਏ ਤੇ ਪੰਜਾਬ ਫਤਹਿ ਕਰਕੇ ਖਾਲਿਸਤਾਨ ਬਨਾਉਣਾ ਏ। ਆਪਣੇ ਆਪ ਨੂੰ ਹਿੰਦੂਆਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣਾ ਏ।

ਹੌਲਦਾਰ : ਇਕ ਵਾਰੀ ਫੇਰ ਕਹੀਂ ਕੌਣ ਏ ਦੁਸ਼ਮਣ ਤੁਹਾਡਾ ?

ਬਲਕਾਰ : ਦਿੱਲੀ ਸਰਕਾਰ ਏੈ ਦੁਸ਼ਮਣ ਸਾਡੀ।

ਹੌਲਦਾਰ : ਦੁਸ਼ਮਣ ਦਿੱਲੀ ਦੀ ਸਰਕਾਰ ਏ ਤੇ ਮਾਰਦੇ ਹੋ ਸਾਧਾਰਨ ਬੰਦਿਆਂ ਨੂੰ। ਕਦੀ ਬੱਸ ਵਿਚੋਂ ਕੱਢ ਕੇ ਮਾਰ ਦਿੱਤੇ, ਕਦੀ ਨਹਿਰ ’ਤੇ ਕੰਮ ਕਰਦੇ ਭਈਏ ਮਾਰ ਦਿੱਤੇ, ਫਾਰਮ ਹਾਊਸਾਂ ਦੇ ਟੱਬਰ ਮਾਰ ਦਿੱਤੇ।

ਬਲਕਾਰ : ਇਹ ਤਾਂ ਜੰਗ ਲੜਨ ਦੇ ਦਾਅ ਪੇਚ ਨੇ। ਇਹੀ ਦਹਿਸ਼ਤ ਨਾ ਪਾਈਏ ਤਾਂ ਪਿੰਡਾਂ ਵਿਚ ਸਾਡਾ ਜੀਣਾ ਹਰਾਮ ਹੋ ਜਾਏ। ਪਿੰਡ ਪਿੱਛੋਂ ਵੜੀਏ, ਪੁਲਿਸ ਨੂੰ ਖ਼ਬਰ ਪਹਿਲੇ ਹੋ ਜਾਏ।

ਹੌਲਦਾਰ : ਖ਼ਬਰ ਕਰਨਾ ਤਾਂ ਹੁਣ ਵੀ ਲੋਕ ਖ਼ਬਰ ਕਰ ਦੇਣ, ਪਰ ਉਹ ਨਹੀਂ ਕਰਦੇ, ਕਿਉਂਕਿ ਸਰਕਾਰ ਜਾਂ ਪੁਲਿਸ ਨੂੰ ਵੀ ਕੋਈ ਉਹ ਆਪਣਾ ਖੈਰਖਾਹ ਨਹੀਂ ਸਮਝਦੇ। ਪਰ ਇਕ ਗੱਲ ਮੈਂ ਤੇਰੇ ਮੂੰਹ ’ਤੇ ਕਹਿੰਦਾ ਹਾਂ ਤੇ ਬੜੀ ਠੋਕ ਕੇ ਕਹਿੰਦਾ ਹਾਂ ਕਿ ਤੁਹਾਡਾ ਰਾਹ ਗਲਤ ਏ, ਆਪ ਵੀ ਮਰਦੇ ਹੋ ਤੇ ਲੋਕਾਂ ਨੂੰ ਵੀ ਮਾਰਦੇ ਪਏ ਹੋ। ਪੰਜਾਬ ਸਾਰੇ ਨੂੰ ਤੁਸੀਂ ਬਿਪਤਾ ਪਾਈ ਹੋਈ ਏ–

ਬਲਕਾਰ : ਚਾਚਾ ਇਹ ਗੱਲ ਮੈਨੂੰ ਤਾਂ ਕਹਿ ਦਿੱਤੀ ਹੈ, ਪਰ ਜਦੋਂ ਸਿੰਘ ਕੋਲ ਹੋਣ, ਤਾਂ ਨਾ ਕਵੀਂ, ਕਿਧਰੇ...

ਹੌਲਦਾਰ : ਇਕ ਬਾਂਹ ਅੱਗੇ ਹੀ ਨਹੀਂ ਤੇ ਇਹ ਨਾ ਹੋਵੇ ਕਿ ਦੂਜੀ ਵੀ... ਇਹੋ ਕਹਿਣਾ ਚਾਹੁੰਦਾ ਏ ਨਾ ? ਮੈਨੂੰ ਪਤਾਏ ਕਿ ਬਾਹਕੀ, ਤੇਰੇ ਸਿੰਘ ਮੇਰੀ ਵਾਜ ਵੀ ਬੰਦ ਕਰ ਦੇਣਗੇ, ਪਰ ਖਲਕਤ ਦੀ ਵਾਜ ਬੰਦ ਨਹੀਂ ਹੁੰਦੀ ਤੇ ਖਲਕਤ ਦੀ ਆਵਾਜ਼ ਤੁਹਾਡੇ ਹੱਕ ਵਿਚ ਨਹੀਂ।

ਬਲਕਾਰ : ਹੱਕ ਵਿਚ ਨਹੀਂ ? ਕਿਉਂ ?

ਹੌਲਦਾਰ : ਕਿਉਂਕਿ ਤੁਹਾਡੀ ਸਾਰੀ ਸਿਆਸਤ ਬੰਦ ਗਲੀ ਵਾਲੀ ਸਿਆਸਤ ਏ, ਗ਼ਲਤ ਸਿਆਸਤ ਏ, ਕੁਝ ਨਹੀਂ ਪ੍ਰਾਪਤ ਹੋਣਾ ਏਸ ਤੋਂ।

ਬਲਕਾਰ : ਕੀ ਗ਼ਲਤ ਏ ?

ਹੌਲਦਾਰ : ਪਹਿਲੀ ਵੱਡੀ ਗ਼ਲਤ ਗੱਲ ਏ ਕਿ ਪੰਜਾਬ ਸਿਰਫ ਸਿੱਖਾਂ ਦਾ ਪੰਜਾਬ

ਨਹੀਂ। ਸਿੱਖਾਂ ਦਾ ਇਤਿਹਾਸ ਇਸ ਧਰਤੀ 'ਤੇ ਜੇਕਰ ਪੰਜ ਸੌ ਸਾਲਾਂ ਦਾ ਹੈ ਤਾਂ ਹਿੰਦੂਆਂ ਦਾ ਪੰਜਾਬ ਵਿਚ ਇਤਿਹਾਸ ਹਜ਼ਾਰਾਂ ਸਾਲਾਂ ਦਾ ਹੈ।

ਬਲਕਾਰ : ਫੇਰ ਹਿੰਦੂ ਪੰਜਾਬ ਨੂੰ ਆਪਣਾ ਕਿਉਂ ਨਹੀਂ ਕਹਿੰਦੇ ?

ਹੌਲਦਾਰ : ਇਹ ਦਲੀਲਾਂ ਸਭ ਪੁਰਾਣੀਆਂ ਹੋ ਗਈਆਂ ਨੇ। ਇਸ ਮਸਲੇ 'ਤੇ ਗ਼ਲਤੀਆਂ ਹਿੰਦੂਆਂ ਕੋਲੋਂ ਵੀ ਹੋਈਆਂ ਨੇ, ਤੇ ਸਿੱਖਾਂ ਕੋਲੋਂ ਵੀ। ਇਹਨਾਂ ਗ਼ਲਤੀਆਂ ਦੀ ਬੜੀ ਵੱਡੀ ਕੀਮਤ ਅਸੀਂ ਸਾਰੇ ਹੁਣ ਦੇ ਚੁੱਕੇ ਹਾਂ। ਹਜ਼ਾਰਾਂ ਪੰਜਾਬੀ ਮਾਵਾਂ ਦੇ ਬੱਚਿਆਂ ਦੀ ਬਲੀ ਚੜ੍ਹਾਈ ਜਾ ਚੁੱਕੀ ਏ, ਗੱਲ ਤਾਂ ਹੁਣ ਜਨਰਲ ਸਾਹਿਬ ਕਿਧਰੇ ਖ਼ਤਮ ਹੋਣੀ ਚਾਹੀਦੀ ਹੈ।

ਬਲਕਾਰ : ਖ਼ਤਮ ਹੋ ਸਕਦੀ ਹੈ, ਜੇ ਸਰਕਾਰ ਸਾਡੀਆਂ ਮੰਗਾਂ ਮੰਨ ਲਵੇ।

ਹੌਲਦਾਰ : ਖਾਲਿਸਤਾਨ ਤੁਹਾਨੂੰ ਪਲੇਟ ਵਿਚ ਪਾ ਕੇ ਦੇ ਦੇਵੇ।

ਬਲਕਾਰ : ਪਲੇਟ ਵਿਚ ਪਾ ਕੇ ਦੇਵੇ ਜਾਂ ਥਾਲੀ ਵਿਚ ਪਾ ਦੇ ਦੇਵੇ, ਸਾਨੂੰ ਇਹਦੇ ਨਾਲ ਕੋਈ ਸਰੋਕਾਰ ਨਹੀਂ...

ਹੌਲਦਾਰ : ਜੇ ਉਹ ਨਾ ਦੇਵੇ ?

ਬਲਕਾਰ : ਤਾਂ ਇਹ ਠੂਹ ਠਾਹ ਚੱਲਦੀ ਰਵੇਗੀ।

ਹੌਲਦਾਰ : ਤੇ ਬੰਦੇ ਮਰਦੇ ਰਹਿਣਗੇ, ਤੁਹਾਨੂੰ ਪਤਾ ਏ ਕਿ ਸਾਧਾਰਨ ਬੰਦੇ ਇਸ ਠੂਹ ਠਾਹ ਤੋਂ ਕਿੰਨੇ ਦੁਖੀ ਨੇ।

ਬਲਕਾਰ : ਸਾਧਾਰਨ ਬੰਦੇ ਸੁਖੀ ਕਿਥੇ ਨੇ ? ਇਹ ਤਾਂ ਸਭ ਚਲਦਾ ਹੀ ਪਿਆ ਏ...

ਹੌਲਦਾਰ : ਉਸ ਦਿਨ ਲੱਖਾ ਸਿੰਘ ਦੇ ਮੁੰਡੇ ਇੰਦਰਜੀਤ ਦੀ ਜੁੱਤੀ ਦਾ ਇਕ ਪੈਰ ਸ਼ਹਿਰ ਜਾਂਦਿਆਂ ਥੈਲੇ ਵਿਚੋਂ ਡਿੱਗ ਪਿਆ, ਸਾਰੇ ਟੱਬਰ ਨੂੰ ਵਖ਼ਤ ਪਿਆ ਹੋਇਆ ਏ, ਮੁੰਡੇ ਨੂੰ ਥਾਣੇ ਵਿਚ ਤਸੀਹੇ ਵੱਖਰੇ ਸਹਿਣੇ ਪੈ ਰਹੇ ਨੇ... ਲੱਖਾ ਸਿੰਘ 10000/- ਦੇਣ ਯੋਗ ਨਹੀਂ... ਹੁਣ ਤਾਂ ਪਿੰਡ ਵਿਚ ਅਖਾਣ ਬਣ ਗਿਆ ਏ ਕਿ ਆਪਣੀਆਂ ਜੁੱਤੀਆਂ ਸਾਂਭ ਕੇ ਰੱਖੋ ਇਹ ਨਾ ਹੋਵੇ ਕਿ ਪੁਲਿਸ ਦੇ ਹੱਥ ਆ ਜਾਣ–

ਬਲਕਾਰ : ਚਾਚਾ, ਇਹ ਅਖਾਣ ਤਾਂ ਹਾਲੇ ਬਣਨੇ ਨੇ... ਇੰਦਰਜੀਤ ਨੂੰ ਕਿਹਾ ਸੀ ਕਿ ਸਾਡੇ ਨਾਲ ਰਲ ਜਾਏ, ਪਰ ਉਹ ਕਾਮਰੇਡਾਂ ਦੇ ਅਸਰ ਥੱਲੇ ਏ... ਕੱਖਾਂ ਦੀਆਂ ਕੁੱਲੀਆਂ ਦੇ ਗੀਤ ਗਾਉਂਦਾ ਏ...

ਹੌਲਦਾਰ : ਗੀਤ ਗਾਉਂਦੇ ਏ ਕੱਖਾਂ ਦੀਆਂ ਕੁੱਲੀਆਂ ਦਾ। ਇਕ ਵਿਸ਼ਵਾਸ਼ ਦੇਂਦਾ ਏ ਸ਼ੋਹਦੇ ਲੋਕਾਂ ਨੂੰ। ਕੱਠੇ ਹੋ ਕੇ ਚੰਗੀ ਜ਼ਿੰਦਗੀ ਲਈ ਹੋਕਾ ਏ, ਉਹਨਾਂ ਗੀਤਾਂ ਵਿਚ। ਤੁਹਾਡੇ ਕੋਲ ਕੀ ਏ ?

ਬਲਕਾਰ : ਸਾਡੇ ਕੋਲ ਗੁਰੂ ਦਾ ਸਾਜਿਆ ਹੋਇਆ ਪੰਥ ਏ, ਜਿਸਦੀ ਰਖਵਾਲੀ ਅਸੀਂ ਕਰਨੀ ਏ।

ਹੌਲਦਾਰ : ਆਹੋ ਗੁਰੂ ਜੀ ਇਹ ਕਹਿ ਗਏ ਨੇ ਕਿ ਬੇਦੋਸ਼ਿਆਂ ਦੇ ਕਤਲ ਕਰੋ– ਬੱਸ ਇਕ ਗੱਲ ਫੜ ਲਈ ਦਿਮਾਗ ਵਿਚ... ਤੇ ਸੁਣ ਜਿਹੜੀ ਸਰਕਾਰ ਦੇ ਵਿਰੁੱਧ ਤੁਸੀਂ ਲੜਨ ਦਾ ਦਾਅਵਾ ਕਰਦੇ ਹੋ ਨਾ, ਉਸ ਸਰਕਾਰ ਦੇ ਸਾਰਿਆਂ ਨਾਲੋਂ ਵੱਡੀ ਸੇਵਾ ਤੁਸੀਂ ਪਏ ਕਰਦੇ ਹੋ। ਤੁਹਾਡਾ ਪੱਜ ਲਾ ਕੇ ਹੀ ਇਸ ਸਰਕਾਰ ਨੇ ਸਾਰੇ ਭਾਰਤ ਵਿਚ ਜ਼ਬਰ ਦਾ ਚੱਕਰ ਚਲਾਇਆ ਹੋਇਆ ਏ... ਸਵੇਰੇ ਅਖ਼ਬਾਰ ਖੋਹਲੋ ਤਾਂ ਕੀ ਖ਼ਬਰਾਂ ਨੇ... ਅੱਠ ਖੂੰਖਾਰ ਅੱਤਵਾਦੀ ਮਾਰੇ ਗਏ, ਬੰਬ ਧਮਾਕੇ ਵਿਚ 20 ਮਰ ਗਏ, ਇਕ ਟੱਬਰ ਮਾਰਿਆ ਗਿਆ... ਤੇ ਤੈਨੂੰ ਇਹ ਦੱਸ ਦੇਵਾਂ ਇਹ ਖੇਡ ਬਹੁਤ ਗੰਦੀ ਏ, ਲੋਕ ਬਹੁਤੀ ਦੇਰ ਬਰਦਾਸ਼ਤ ਨਹੀਂ ਕਰਨ ਲੱਗੇ।

ਬਲਕਾਰ : (ਥੈਲਾ ਸਾਂਭਦਾ ਹੋਇਆ) ਚਾਚਾ, ਪਾਣੀ ਹੁਣ ਬਹੁਤ ਪੁਲਾਂ ਥੱਲਿਓਂ ਲੰਘ ਚੁੱਕਿਆ ਏ... ਸਾਡੀ ਲੜਾਈ ਹੁਣ ਫ਼ੈਸਲਾਕੁੰਨ ਦੌਰ ਵਿਚ ਦਾਖਲ ਹੋ ਚੁੱਕੀ ਏ... ਸਤਿ ਸ੍ਰੀ ਅਕਾਲ ਚੱਲਦਾ ਹਾਂ... ਫੇਰ ਕਦੀ ਬਹੁਤਾ ਵਕਤ ਕੱਢ ਕੇ ਆਵਾਂਗਾ।

ਹੌਲਦਾਰ : ਸਤਿ ਸ੍ਰੀ ਅਕਾਲ, ਤੂੰ ਮੇਰੇ ਵੱਡੇ ਭਰਾ ਦੀ ਇਕੋ ਨਿਸ਼ਾਨੀ ਏਂ... ਮੇਰਾ ਦਰ ਤੇਰੇ ਲਈ ਖੁੱਲ੍ਹਾ ਏ, ਪਰ ਇਹ ਗੱਲ ਮੈਂ ਆਖਾਂਗਾ ਤੇ ਇਹ ਉੱਚੀ ਸਾਰੀ ਕੋਠੇ ਚੜ੍ਹਕੇ ਵੀ ਆਖਾਂਗਾ ਕਿ ਤੁਹਡਾ ਰਾਹ ਗ਼ਲਤ ਏ... ਤੁਹਾਡੀ ਮੰਜ਼ਲ ਗ਼ਲਤ ਏ... ਤੇ ਜਿੰਨੀ ਜਲਦੀ ਇਹਦਾ ਅਹਿਸਾਸ ਕਰ ਲਵੋਗੇ, ਉਂਨਾਹੀ ਚੰਗਾ ਹੈ। ਤੇ ਵਾਪਸ ਚਲਿਆ ਏਂ। ਆਪਣੇ ਚਾਚੇ ਨੂੰ ਗਲੇ ਨਾਲ ਨਹੀਂ ਮਿਲੇਂਗਾ ?

(ਬਲਕਾਰ ਹੌਲਦਾਰ ਦੇ ਗਲੇ ਮਿਲਦਾ ਏ ਤੇ ਫੇਰ ਪਿਆਰ ਨਾਲ ਮਿਲਦਾ ਹੋਇਆ ਵਾਪਸ ਜਾਂਦਾ ਹੈ।)

(ਸੀਨ ਪੰਜਵਾਂ)

(ਦਿੱਤੂ, ਕਾਂਗਰਸੀ ਲੀਡਰ ਅਤੇ ਹੌਲਦਾਰ)

ਸਰਦਾਰ : ਫੌਜੀਆ ਅਸੀਂ ਜਿਥੇ ਮਰਜ਼ੀ ਚਲੇ ਜਾਈਏ ਜੁੱਤੀ ਆਪਣੇ ਦਿੱਤੂ ਸਿੰਘ ਦੀ ਬਣੀ ਹੋਈ ਹੀ ਪਾਉਂਦੇ ਹਾਂ।

ਹੌਲਦਾਰ : ਪਿੰਡ ਤਾਂ ਸਰਦਾਰ ਜੀ, ਹੁਣ ਲਗਦੈ ਤੁਸੀਂ ਬਸ ਜੁੱਤੀ ਬਣਵਾਉਣ ਹੀ ਆਉਂਦੇ ਹੋ, ਅੱਗੇ ਪਿੱਛੇ ਤਾਂ ਚੰਡੀਗੜ੍ਹ ਹੀ ਰਹਿੰਦੇ ਹੋ।

ਸਰਦਾਰ : ਚੰਡੀਗੜ੍ਹ ਸਾਡਾ ਜੀ ਤਾਂ ਨਹੀਂ ਲੱਗਦਾ, ਪਰ ਜੇ ਨਾ ਰਹੀਏ ਤਾਂ ਸਾਡੇ ਦੁਸ਼ਮਣ ਦਾਅ ਮਾਰ ਜਾਂਦੇ ਨੇ। ਫੌਜੀਆ, ਇਹ ਸਿਆਸਤ

ਦੀ ਖੇਡ ਬੜੀ ਟੇਢੀ ਏ। ਹਾਂ, ਤੇ ਦਿੱਤੂ ਸਿਆਂ ਤੇਰੇ ਸਾਹਿਬਜ਼ਾਦੇ ਦਾ ਕੀ ਹਾਲ ਏ ?

ਦਿੱਤੂ : ਚੰਗਾ ਹੈ ਜੀ।

ਹੌਲਦਾਰ : ਸਾਹਿਬਜ਼ਾਦੇ ਤਾਂ ਸਰਦਾਰ ਜੀ ਤੁਹਾਡੇ ਹੋਏ, ਦਿੱਤੂ ਸਿੰਘ ਦਾ ਤਾਂ ਰਾਜਿੰਦਰ ਸਿੰਘ ਹੀ ਏ।

ਸਰਦਾਰ : ਲੈ ਇਹ ਫੇਰ ਸਾਡੀ ਸਰਕਾਰ ਦੀਆਂ ਬਰਕਤਾਂ ਹੋਈਆਂ ਨੇ ਕਿ ਦਿੱਤੂ ਸਿੰਘ ਦਾ ਗੇਜੂ ਸਃ ਰਾਜਿੰਦਰ ਸਿੰਘ ਬਣ ਗਿਆ ਏ।

ਹੌਲਦਾਰ : ਸਰਦਾਰ ਜੀ, ਇਹ ਜਿਹੜੇ ਸੈਂਕੜੇ ਗੇਜੂ ਪਿਛਲੇ 40 ਸਾਲਾਂ ਵਿਚ ਗੇਜੂ ਹੀ ਰਹੇ ਨੇ, ਇਹ ਕੀਹਦੀ ਬਰਕਤ ਏ ?

ਸਰਦਾਰ : ਕੀ ਮਤਲਬ ?

ਹੌਲਦਾਰ : ਮਤਲਬ ਤਾਂ ਕੋਈ ਨਹੀਂ, ਬਸ ਗੱਲਾਂ ਵਿਚੋਂ ਗੱਲ ਏ।(ਸਰਦਾਰ ਜਾਣ ਲੱਗਦਾ ਏ) ਤੇ ਸਰਦਾਰ ਜੀ ਚੰਡੀਗੜ੍ਹ ਤੋਂ ਆਉਂਦੇ ਜਾਂਦੇ ਦਰਸ਼ਨ ਦਿੰਦੇ ਰਿਹਾ ਕਰੋ।

ਦਿੱਤੂ : ਓਏ ਫੌਜੀਆ, ਤੂੰ ਆਪਣੀ ਗੱਲ ਕਹਿਣ ਤੋਂ ਬਾਜ ਨਹੀਂ ਆਉਂਦਾ।

ਹੌਲਦਾਰ : ਹਾਂ ਤੇ ਦਿੱਤੂ ਸਿਆਂ, ਤੂੰ ਦੱਸ ਕਿ ਸਰਦਾਰ ਊੜਾ ਸਿੰਘ ਨਾਲ ਏਂ ਕਿ ਸਰਦਾਰ ਐੜਾ ਸਿੰਘ ਨਾਲ ਏਂ ?

ਦਿੱਤੂ : ਊੜਾ ਸਿੰਘ, ਐੜਾ ਸਿੰਘ ਦਾ ਕੀ ਮਤਲਬ ਹੋਇਐ ਬਾਈ ?

ਹੌਲਦਾਰ : ਮਤਲਬ ਕਿ ਊੜਾ ਸਿੰਘ ਹੋਏ ਆਪਣੇ ਇਹ ਰੰ ਧਾਵਾ ਸਾਹਿਬ, ਜਿਹੜੇ ਵਸਮਾ ਲਾ ਕੇ ਕਾਂਗਰਸੀ ਪਾਰਟੀ ਦੇ ਯੂਥ ਦੇ ਲੀਡਰ ਹੋਏ ਤੇ ਐੜਾ ਸਿੰਘ ਹੋਏ ਆਪਣੇ ਬਰਾੜ ਸਾਹਿਬ ਜਿਹੜੇ ਅਕਾਲੀਆਂ ਦੇ ਕੁਰਸੀ ਸਾਂਭ ਧੜੇ ਦੇ ਲੀਡਰ ਹੋਏ। ਊੜਾ ਸਿੰਘ ਐੜਾ ਸਿੰਘ ਤਾਂਆਖਿਆ ਕਿ ਇਹਨਾਂ ਦੀਜਾਤ ਬਰਾਦਰੀ ਕਰਕੇ ਨਾ ਵੇਖਿਆ ਹੋਏ, ਉਂਝ ਕੁਰਸੀਆਂ ਦੇ ਦਾਅਵੇਦਾਰ। ਇਕ ਕੁਰਸੀ'ਤੇ ਬੈਠ ਜਾਏ ਤਾਂ ਦੂਜੇ ਨੂੰ ਤਕਲੀਫ ਹੋ ਜਾਂਦੀ ਹੈ, ਇਕ ਦੂਜੇ ਨੂੰ ਚੋਰ ਕਹਿੰਦੇ ਨੇ, ਪਰ ਹਨ ਦੋਨੋਂ ਚੋਰ।

ਦਿੱਤੂ : ਸਾਨੂੰ ਕੀ ਫੌਜੀਆ ? ਅਸੀਂ ਤਾਂ ਜੁੱਤੀਆਂ ਹੀ ਬਣਵਾਉਣੀਆਂ ਨੇ। ਦੋਨੋਂ ਤੇਰੇ ਕੋਲੋਂ ਜੁੱਤੀਆਂ ਬਣਵਾਉਂਦੇ ਨੇ।

ਹੌਲਦਾਰ : ਫੇਰ ਤਾਂ ਦਿੱਤੂ ਸਿਆਂ ਕੰਮ ਬਣ ਗਿਆ।

ਦਿੱਤੂ : ਕੀ ਕੰਮ ਬਣ ਗਿਆ ?

ਹੌਲਦਾਰ : ਇਹਨਾਂ ਲਈ ਜੁੱਤੀ ਬਣਾਉਂਦਿਆਂ ਐਸੀ ਕਾਰੀਗਰੀ ਵਿਖਾਇਆ ਕਰ ਕਿ ਪਾਉਂਦਿਆਂ ਹੀ ਛਾਲੇ ਪੈ ਜਾਣ ਸਾਲੇ ਮੇਰਿਆਂਦੇ।

ਦਿੱਤੂ : ਇਸ ਵਿਚ ਤੈਨੂੰਕੀ ਮਿਲੇਗਾ ?

ਹੌਲਦਾਰ : ਇਹਨਾਂ ਨੂੰ ਤਕਲੀਫ ਹੋਏਗੀ ਤਾਂ ਮੈਨੂੰ ਖੁਸ਼ੀ ਹੋਏਗੀ। ਜਿਸ ਤਰ੍ਹਾਂ ਸਾਨੂੰ ਤਕਲੀਫ ਹੁੰਦੀ ਏ ਤਾਂ ਇਹਨਾਂ ਨੂੰ ਖੁਸ਼ੀ ਹੁੰਦੀਏ।

ਅਵਾਜ਼ : ਹੌਲਦਾਰਾਂ ਤੂੰ ਕਿਥੇ ਏਂ ? ਤੇਰੇ ਘਰ ਪੁਲਿਸ ਆਈ ਹੋਈ ਏ।

ਹੌਲਦਾਰ : ਕਿਉਂ ਮੈਂ ਕਿਸੇ ਦੀ ਬੱਕਰੀ ਖੋਲ੍ਹ ਲਈ ਏ ?

*(ਬੇਪ੍ਰਵਾਹੀ ਨਾਲ ਉੱਠ ਕੇ ਜਾਂਦਾ ਹੈ।)*

**(ਸੀਨ ਛੇਵਾਂ)**

(ਪੁਲਿਸ ਦਾ ਥਾਣੇਦਾਰ ਖਲੋਤਾ ਹੈ। ਹੌਲਦਾਰ ਉਹਨੂੰ ਸੰਬੋਧਨ ਹੁੰਦਾ ਹੈ।)

ਹੌਲਦਾਰ : ਹਾਂ ਥਾਣੇਦਾਰ ਸਾਹਿਬ ਮੈਂ ਵਿਸਾਖਾ ਸਿੰਘ ਹਾਂ, ਜਿਸਨੂੰ ਟੁੰਡਾ ਹੌਲਦਾਰ ਕਹਿੰਦੇ ਨੇ। ਮੇਰਾ ਭਤੀਜਾ ਹੈ, ਬਲਕਾਰ, ਜਿਹੜਾ ਅੱਤਵਾਦੀ ਟੋਲੇ ਦਾ ਆਗੂ ਹੈ, ਉਹ ਇਥੇ ਮੇਰੇ ਘਰ ਆਇਆ ਸੀ। ਉਹਦੇ ਕੋਲ ਕਾਫੀ ਹਥਿਆਰ ਸਨ।

ਥਾਣੇਦਾਰ : ਤੂੰ ਪੁਲਿਸ ਨੂੰ ਇਤਲਾਹ ਕਿਉਂ ਨਹੀਂ ਦਿੱਤੀ ?

ਹੌਲਦਾਰ : ਮੈਂ ਕਦੀ ਇਹ ਦਾਅਵਾ ਨਹੀਂ ਕੀਤਾ ਕਿ ਮੈਂ ਪੁਲਿਸ ਦਾ ਮੁਖ਼ਬਰ ਹਾਂ... ਮੈਨੂੰ ਪਤਾ ਏ ਕਿ ਉਹ ਬਹੁਤ ਸਾਰੇ ਮਾਸੂਮ ਲੋਕਾਂ ਦੇ ਕਤਲਾਂ ਦਾ ਜ਼ਿੰਮੇਵਾਰ ਏ। ਮੈਂ ਚਾਹਵਾਂਗਾ ਉਹਨੂੰ ਸਜ਼ਾ ਮਿਲੇ। ਲੋਕਾਂ ਦੀ ਕਚਹਿਰੀ ਵਿਚ ਉਹਨੂੰ ਪੇਸ਼ ਕੀਤਾ ਜਾਏ, ਜਿਥੇ ਗਵਾਹੀਆਂ ਹੋਣ ਤਾਂ ਸੱਚੀਆਂ ਹੋਣ। ਮੈਂ ਉਹਨੂੰ ਪੂਰੇ ਜ਼ੋਰ ਨਾਲ ਕਿਹਾ ਸੀ ਕਿ ਉਹਦਾ ਰਾਹ ਗ਼ਲਤ ਏ। ਸਾਰਾ ਪਿੰਡ ਜਾਣਦਾ ਏ ਕਿ ਮੈਂ ਉਹਨਾਂ ਦੇ ਰਾਹ ਨੂੰ ਗ਼ਲਤ ਜਾਣਦਾ ਹਾਂ। ਮੇਰੀ ਉਹਨਾਂ ਨਾਲ ਕੋਈ ਹਮਦਰਦੀ ਨਹੀਂ।

ਥਾਣੇਦਾਰ : ਫੇਰ ਤੂੰ ਉਹਨੂੰ ਪਨਾਹ ਕਿਉਂ ਦਿੱਤੀ ? ਉਹ ਤੇਰੇ ਘਰ ਕਿਉਂ ਆਇਆ ?

ਹੌਲਦਾਰ : ਮੈਂ ਉਹਨੂੰ ਕੋਈ ਪਨਾਹ ਨਹੀਂ ਦਿੱਤੀ। ਪੁੱਛਦੇ ਹੋ ਕਿ ਉਹ ਮੇਰੇ ਘਰ ਕਿਉਂ ਆਇਆ ਸੀ। ਮੈਂ ਨਹੀਂ ਕਹਿ ਸਕਦਾ। ਹੋ ਸਕਦਾ ਏ ਕਿ ਉਹਨੇ ਆਪਣੇ ਸਾਥੀਆਂ ਨੂੰ ਕਿਸੇ ਥਾਂ ਮਿਲਣਾ ਹੋਵੇ ਤੇ ਇਹ ਵਿਚਲਾ ਸਮਾਂ ਕੱਟਣ ਲਈ ਉਹ ਮੇਰੇ ਕੋਲ ਆ ਗਿਆ ਹੋਵੇ। ਅਸਲ ਵਿਚ ਇਹ ਉਹਦਾ ਵੀ ਘਰ ਏ। ਮੇਰਾ ਕੋਈ ਬਾਲ ਬੱਚਾ ਨਹੀਂ, ਮੇਰੇ ਬਾਅਦ ਮੇਰੀ ਜਾਇਦਾਦ ਦੇ ਮਾਲਕ ਮੇਰੇ ਭਤੀਜਿਆਂ ਨੇ ਹੀ ਹੋਣਾ ਏ। ਉਹ ਨਿੱਕਾ ਜਿਹਾ ਮੇਰੇ ਹੱਥਾਂ ਵਿਚ ਹੀ ਪਲਿਆ ਜ਼ਰੂਰ ਏ। ਪਰ ਜ਼ਰੂਰੀ ਨਹੀਂ ਕਿ ਉਹਦੇ ਵਿਚਾਰ ਮੇਰੇ ਵਾਲੇ ਹੋਣ, ਉਹ ਆਪਣੇ

ਦੁਆਲੇ ਨੂੰ ਉਸੇ ਨਜ਼ਰ ਨਾਲ ਦੇਖੇ ਜਿਸ ਨਜ਼ਰ ਨਾਲ ਮੈਂ ਵੇਖਦਾ ਹਾਂ।

ਥਾਣੇਦਾਰ : ਫੇਰ ਤੁਸੀਂ ਸਾਨੂੰ ਸਹਿਯੋਗ ਕਿਉਂ ਨਹੀਂ ਦੇਂਦੇ ? ਜੇ ਸਹਿਯੋਗ ਨਹੀਂ ਦੇਵੋਗੇ ਤਾਂ ਮਾਮਲਾ ਕਿਸ ਤਰ੍ਹਾਂ ਨਿਪਟੇਗਾ ?

ਹੌਲਦਾਰ : ਹਾਂ ਤੁਸੀਂ ਠੀਕ ਆਖਿਆ ਹੈ ਕਿ ਅਸੀਂ ਲੋਕ ਜੇ ਤੁਹਾਨੂੰ ਸਹਿਯੋਗ ਨਹੀਂ ਦੇਵਾਂਗੇ ਤਾਂ ਇਹ ਮਾਮਲਾ ਨਿਪਟੇਗਾ ਕਿਸ ਤਰ੍ਹਾਂ ? ਮਾਮਲਾ ਨਿਪਟਾਉਣਾ ਲੋਕਾਂ ਦੇ ਵੱਸ ਵਿਚ ਹੁੰਦਾ ਤਾਂ ਕਦੋਂ ਦਾ ਨਿਪਟ ਗਿਆ ਹੁੰਦਾ... ਬਦਕਿਸਮਤੀ ਇਹ ਹੈ ਕਿ ਇਹ ਉਹਨਾਂ ਨੇ ਨਿਪਟਾਉਣਾ ਏ, ਜਿਹੜੇ ਕੁਰਸੀਆਂ 'ਤੇ ਬੈਠੇ ਹਨ... ਤੇ ਉਹ ਇਹਨੂੰ ਨਿਪਟਾਉਣਾ ਨਹੀਂ ਚਾਹੁੰਦੇ।

ਥਾਣੇਦਾਰ : ਤੈਨੂੰ ਪਤਾ ਏ ਕਿ ਅਤਿਵਾਦੀਆਂ ਨੂੰ ਪਨਾਹ ਦੇਣ ਦੇ ਜ਼ੁਰਮ ਵਿਚ ਤੈਨੂੰ ਗ੍ਰਿਫ਼ਤਾਰ ਕੀਤਾ ਜਾ ਸਕਦੈ।

ਹੌਲਦਾਰ : ਕੀ ਕਿਹਾ ਅਤਿਵਾਦੀਆਂ ਨੂੰ ਪਨਾਹ ਦੇਣ ਦੇ ਜ਼ੁਰਮ ਵਿਚ ਮੈਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ ਤਾਂ ਗ੍ਰਿਫ਼ਤਾਰ ਕਰ ਲਵੋ... ਪਰ ਪਹਿਲੇ ਮੇਰੀ ਗੱਲ ਸੁਣੋ, ਮੇਰਾ ਭਤੀਜਾ ਮੇਰੇ ਘਰ ਆਉਂਦਾ ਹੈ... ਕਹਿੰਦਾ ਕਿ ਚਾਚਾ ਤੈਨੂੰ ਮਿਲਣ ਆਇਆ ਹਾਂ ਤੇਰੀਆਂ ਖਰੀਆਂ ਖਰੀਆਂ ਸੁਨਣ 'ਤੇ ਜੀ ਕਰ ਆਇਆ ਸੀ ਤੇ ਕੀ ਮੈਂ ਆਖਦਾ ਪੁੱਤਰ ਬੈਠ ਮੈਂ ਪੁਲਿਸ ਨੂੰ ਬੁਲਾ ਲਿਆਵਾਂ। ਕੀ ਮੈਂ ਇਸ ਤਰ੍ਹਾਂ ਕਰ ਸਕਦਾ ਸਾਂ ? ਤੇ ਇਹ ਮੇਰੀ ਇਕੱਲੇ ਦੀ ਗੱਲ ਨਹੀਂ, ਹਰ ਕਿਸੇ ਘਰ ਦੀ ਹੋ ਸਕਦੀ ਏ ਜਿਸ ਦਾ ਕੋਈ ਨੌਜਵਾਨ ਇਸ ਰਾਹ 'ਤੇ ਪਿਆ ਹੋਇਆ ਏ।

–ਹਾਂ ਥਾਣੇਦਾਰ ਸਾਹਿਬ, ਜੇ ਮੈਨੂੰ ਥਾਣੇ ਲਿਜਾਣ ਨਾਲ ਤੁਹਾਡੀ ਫੀਤੀ ਵਿਚ ਵਾਧਾ ਹੋ ਜਾਂਦੈ ਤਾਂ ਲੈ ਚਲੋ। ਸਾਡੇ ਕੋਲੋਂ ਜ਼ਿੰਦਗੀ ਵਿਚ ਹੋਰ ਕਿਸੇ ਦਾ ਫਾਇਦਾ ਤਾਂ ਹੋਣਾ ਨਹੀਂ, ਜੇ ਤੁਹਾਡਾ ਹੋ ਜਾਂਦੈ ਤਾਂ ਸਾਨੂੰ ਕੀ ਫ਼ਰਕ ਪੈਣਾ ਏ ? ਸਮਝਾਂਗੇ ਇਕ ਭਲਾ ਕੰਮ ਕਰ ਦਿੱਤਾ ਏ। (ਵਕਫ਼ਾ)

ਥਾਣੇਦਾਰ : ਅਸੀਂ ਤਾਂ ਚਾਹੁੰਦੇ ਹਾਂ ਕਿ ਇਹ ਕੁੱਤੇ ਖਾਣੀ ਖੇਡ ਬੰਦ ਹੋਵੇ। ਸਾਡੀ ਤੇਰੇ ਨਾਲ ਦੁਸ਼ਮਣੀ ਨਹੀਂ ਕੋਈ।

ਹੌਲਦਾਰ : ਤੇ ਅਸੀਂ ਵੀ ਚਾਹੁੰਦੇ ਹਾਂ ਕਿ ਇਹ ਕੁੱਤੇ ਖਾਣੀ ਖੇਡ ਬੰਦ ਹੋਵੇ।

ਥਾਣੇਦਾਰ : ਤੂੰ ਬੰਦਾ ਚੰਗਾ ਏਂ। ਲੋੜ ਪਈ ਤਾਂ ਤੈਨੂੰ ਫੇਰ ਮਿਲਾਂਗਾ।

*(ਜਾਣ ਲਈ ਮੁੜਦਾ ਹੈ।)*

ਹੌਲਦਾਰ : ਹਾਂ ਤੁਸੀਂ ਚੱਲੇ ਹੋ ? ਮੇਰੀ ਇਹ ਆਦਤ ਏ ਕਿ ਬੰਦਾ ਜਦੋਂ ਮੁੜਣ

ਲੱਗੇ ਤਾਂ ਮੈਂ ਆਖਰੀ ਗੱਲ ਜ਼ਰੂਰ ਆਖਾਂ... ਬਲਕਾਰ ਮੁੜਕੇ ਜਾਣ ਲੱਗਆ ਸੀ ਤਾਂ ਉੱਚੀ ਸਾਰੀ ਕਿਹਾ ਸੀ ਕਿ ਉਹਨਾਂ ਦੀ ਖੇਡ ਗ਼ਲਤ ਏ ਤੇ ਇਹ ਗੱਲ ਤੁਹਾਨੂੰ ਵੀ ਕਹਿਣ ਲੱਗਾ ਹਾਂ... ਤੇ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਇਸ ਸਾਰੇ ਮਾਮਲੇ ਨੂੰ ਹੱਲ ਕਰਨ ਦੀ ਪਹੁੰਚ ਗ਼ਲਤ ਏ... ਬਿਲਕੁਲ ਗ਼ਲਤ ਏ। ਇਹ ਮਾਮਲਾ ਗੋਲੀ ਬਦਲੇ ਗੋਲੀ ਨਾਲ ਹੱਲ ਨਹੀਂ ਹੋਣਾ। ਇਹ ਸਿਆਣਿਆਂ ਦੇ ਸਿਰ ਜੋੜਕੇ ਬੈਠਣ ਨਾਲ ਹੀ ਹੋਣਾ ਹੈ। ਜਿੰਨੀ ਜਲਦੀ ਇਸ ਨੂੰ ਸਮਝ ਜਾਈਏ, ਓਨਾ ਹੀ ਚੰਗਾ ਹੈ।

## (ਸੀਨ ਸੱਤਵਾਂ)

(ਦਿੱਤੂ ਸਿੰਘ ਦੀ ਦੁਕਾਨ)

ਹੌਲਦਾਰ : ਦਿੱਤੂ ਸਿੰਘ ਜੀ, ਸੁਣ ਲਿਆ ਸਭ ਕੁਝ ਕੀ ਹੋਇਆ?

ਦਿੱਤੂ : ਇਹ ਤਾਂ ਭਰਾਵਾ ਮਾੜੀ ਗੱਲ ਹੋਈ, ਕੁੜੀ ਨੂੰ ਮਾਰ ਹੀ ਦਿੱਤਾ, ਉਹਨਾਂ ਰਲ ਮਿਲ ਕੇ।

ਹੌਲਦਾਰ : ਇਹਦਾ ਇਸ਼ਾਰਾ ਲੇਖਕ ਬਾਈ ਨੇ ਦੇ ਹੀ ਦਿੱਤਾ ਸੀ, ਪਰ ਮੈਂ ਸੋਚ ਵੀ ਨਹੀਂ ਸੀ ਸਕਦਾ ਸਾਂ ਕਿ ਇਕ ਬਾਪ ਏਨਾ ਜ਼ੁਲਮ ਕਰ ਸਕਦੈ।

ਭਾਨੀ : ਮੇਰੇ ਹੱਥਾਂ ਵਿਚ ਪਲ ਕੇ ਵੱਡੀ ਹੋਈ ਏ, ਕਿੰਨੀ ਸੁੱਘੜ, ਸਿਆਣੀ, ਪੜ੍ਹਾਈ ਵਿਚ ਲਾਇਕ। ਬੜੀ ਵਾਰੀ ਕੰਮ ਤੋਂ ਵਿਹਲੇ ਹੋ ਕੇ ਉਹਦੇ ਕੋਲ ਬੈਠਦੀ ਤਾਂ ਭੁੰਜੇ ਕਦੀ ਨਹੀਂ ਬਹਿਣ ਦਿੱਤਾ। ਪੀੜ੍ਹੀ ਦੇਂਦੀ ਤੇ ਆਪ ਵੀ ਬਰਾਬਰ ਹੋ ਕੇ ਪੀੜ੍ਹੀ 'ਤੇ ਬੈਠਦੀ।

ਹੌਲਦਾਰ : ਉੱਚੇ ਨੀਵੇਂ ਦਾ ਫ਼ਰਕ ਹੀ ਨਹੀਂ ਸੀ ਜਾਣਦੀ ਤਾਂ ਹੀ ਤਾਂ ਅਗਲਿਆਂ ਨੇ ਮਾਰ ਦਿੱਤੀ।

ਭਾਨੀ : ਜਦੋਂ ਕੋਈ ਚੰਗਾ ਜੀਵ ਧਰਤੀ ਤੋਂ ਉਠ ਜਾਏ, ਤਾਂ ਧਰਤੀ ਸੁੰਨੀ ਹੋ ਜਾਂਦੀ ਏ ਤੇ ਆਪਣੀ ਬਦਨਸੀਬੀ 'ਤੇ ਅੱਥਰੂ ਵਹਾਉਂਦੀ ਏ।

ਦਿੱਤੂ : ਆਪ ਲਾਂਭੇ ਹੋ ਗਿਆ ਤੇ ਭਤੀਜਿਆਂ ਨੂੰ ਇਸ਼ਾਰਾ ਕਰ ਦਿੱਤਾ।

ਹੌਲਦਾਰ : ਦਿੱਤੂ ਸਿਆਂ, ਕਾਤਲਾਂ ਨੇ ਸਾਫ਼ ਬਰੀ ਹੋ ਜਾਣੈ।

ਦਿੱਤੂ : ਹੋ ਕੀ ਜਾਣੇ? ਹੋ ਗਏ ਨੇ, ਲੇਖਕ ਬਾਈ ਨੇ ਬੜਾ ਭੋਲਾ ਜਿਹਾ ਬਣਕੇ ਆਖ ਦਿੱਤਾ ਏ, ਮੇਰਾ ਘਰ ਤਾਂ ਉੱਜੜ ਗਿਆ ਏ, ਮੈਂ ਨਹੀਂ ਚਾਹੁੰਦਾ ਕਿ ਭਰਾ ਦਾ ਘਰ ਉੱਜੜੇ।

ਹੌਲਦਾਰ : ਦਿੱਤੂ ਸਿਆਂ, ਇਸ ਸਮਾਜ ਵਿਚ ਸਾਰੀਆਂ ਇਖਲਾਕੀ ਕਦਰਾਂ ਕੀਮਤਾਂ ਡਿੱਗ ਚੁੱਕੀਆਂ ਨੇ... ਦਿੱਤੂ ਸਿਆਂ, ਮੈਂ ਤੈਨੂੰ ਇਕ ਹੋਰ ਖ਼ਬਰ ਵੀ ਦੱਸਣ ਆਇਆ ਹਾਂ।

ਦਿੱਤੂ : ਕੀ?

ਹੌਲਦਾਰ : ਆਪਣੇ ਭਤੀਜੇ ਬਲਕਾਰ ਨੇ ਪੁਲਿਸ ਹੱਥੋਂ ਪਕੜੇ ਜਾਣ ਵੇਲੇ ਸਾਇਨਾਈਡ ਚੱਟ ਲਿਆ।

ਦਿੱਤੂ : ਤੇ ਇਕ ਹੋਰ ਖ਼ਬਰ ਮੈਂ ਤੈਨੂੰ ਦੱਸਾਂ। ਇੰਦਰਜੀਤ ਘਰ ਆ ਗਿਆ ਏ। ਪੁਲਿਸ ਦੀ ਮਾਰ ਨਾਲ ਉਹ ਇਕ ਟੰਗੋਂ ਨਕਾਰਾ ਹੋ ਗਿਆ ਹੈ।

ਹੌਲਦਾਰ : ਦਿੱਤੂ ਸਿਆਂ, ਅੱਜ ਮੇਰਾ ਉੱਚੀ ਉੱਚੀ ਰੋਣ ਨੂੰ ਜੀਅ ਕਰਦਾ ਹੈ, ਬਿਲਕੁਲ ਉਸ ਦਿਨ ਵਾਂਗ ਜਦੋਂ ਹਸਪਤਾਲ ਮੈਨੂੰ ਅਚਾਨਕ ਹੋਸ਼ ਆਈ ਸੀ ਤੇ ਮੈਂ ਮਲੂਮ ਕੀਤਾ ਸੀ ਕਿ ਮੇਰਾ ਇਕ ਹੱਥ ਗੁੰਮ ਹੋ ਗਿਆ ਹੈ... ਪਰ ਮੈਂ ਰੋਇਆ ਨਹੀਂ ਸੀ, ਉੱਚੀ ਉੱਚੀ ਹੱਸਿਆ ਸਾਂ... ਪਾਗ਼ਲਾਂ ਵਾਂਗ ਪਰ ਅੱਜ ਮੈਂ ਹੱਸ ਵੀ ਨਹੀਂ ਸਕਦਾ ਦਿੱਤੂ ਸਿਆਂ, ਅਸੀਂ ਕੀ ਲੋਕ ਹਾਂ।ਅਸੀਂ ਆਪਣੀਆਂ ਅੱਖਾਂ ਨਾਲ ਵੇਖਿਆ, ਇਕ ਵੱਡੇ ਲੇਖਕ ਨੇ, ਜਾਤਪਾਤ ਦੀ ਹੈਂਕੜੇ ਵਿਚ ਆਪਣੀ ਧੀ ਨੂੰ ਮਰਵਾ ਦਿੱਤਾ, ਸਾਡੇ ਸਾਹਮਣੇ ਜੁੱਤੀ ਦੇ ਇਕ ਪੈਰ ਗੁੰਮ ਹੋਣ ’ਤੇ ਇਕ ਨੌਜਵਾਨ ਨੂੰ ਤਸੀਹੇ ਦੇ ਕੇ ਜ਼ਿੰਦਗੀ ਭਰ ਲਈ ਨਕਾਰਾ ਕਰ ਦਿੱਤਾ ਗਿਆ... ਮੇਰਾ ਭਤੀਜਾਧਾਰਮਿਕ ਜਨੂੰਨ ਵਿਚ ਅੰਨ੍ਹਾ ਹੋ ਕੇ ਜ਼ਹਿਰ ਚੱਟ ਗਿਆ, ਜ਼ਹਿਰ ਨਾ ਚੱਟਦਾ ਤਾਂ ਕਿਸੇ ਦਿਨ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਂਦਾ, ਮੈਂ ਉਸਦਾ ਅੰਤ ਜਾਣਦਾ ਸਾਂ। ਨੌਜਵਾਨ, ਜਿਨ੍ਹਾਂ ਵਿਚ ਜ਼ਿੰਦਗੀ ਦੇ ਵਲਵਲੇ ਹੁੰਦੇ ਹਨ, ਉਹ ਬੇਦੋਸ਼ਿਆਂ ਦੇ ਲਹੂ ਨਾਲ ਆਪਣੇ ਹੱਥ ਰੰਗਣ ਤੇ ਫੇਰ ਆਪ, ਮਾਰੇ ਜਾਣ ਤਾਂ ਇੰਝ ਲੱਗਦਾ ਹੈ ਕਿ ਸਾਰੀ ਧਰਤੀ ਸੰਤਾਪੀ ਗਈ ਹੈ। ਦਿੱਤੂ ਸਿਆਂ... ਇਸ ਤੋਂ ਪਹਿਲਾਂ ਕਿ ਅਸੀਂ ਬਿਲਕੁਲ ਸੰਤਾਪੇ ਜਾਈਏ... ਸਾਨੂੰ ਬੋਲਣਾ ਪਵੇਗਾ। ਹਾਂ ਸਾਨੂੰ ਬੋਲਣਾ ਪਵੇਗਾ। (ਵਕਫ਼ਾ) ਸਾਡੀ ਚੁੱਪ ਬੜੀ ਖ਼ਤਰਨਾਕ ਏ... ਦਿੱਤੂ ਸਿਆਂ... ਮੇਰੇ ਦੋਸਤ, ਮੇਰੇ ਬੇਲੀ ਸਾਨੂੰ ਬੋਲਣਾ ਪਵੇਗਾ।

*(ਸਮਾਪਤ)*